# ਅੰਮ੍ਰਿਤ ਕੀਰਤਨ

Amrit Kirtan — अमृत कीर्तन

ਅੰਕ : 11

ਅਪ੍ਰੈਲ, 1990

[ਸੰਪਾਦਕ ਆਨਰੇਰੀ]

ਡਾ. ਜਾਗੀਰ ਸਿੰਘ


ਇਕ ਦਿਨ ਗੁਰੂ ਮਹਾਰਾਜ ਨੇ ਇਸ ਨਿਰਲੋਭ ਕੀਰਤਨੀਏ (ਭਾਈ ਸੰਤਾ ਸਿੰਘ ਚਮਕ) ਦੀ ਜਿਵੇਂ ਪ੍ਰੀਖਿਆ ਲਈ ਇਕ ਬੜੇ ਧਨਾਢ ਤੇ ਜ਼ਿੱਦੀ ਸਿਖ ਨੂੰ ਭੇਜ ਦਿੱਤਾ।

ਭਾਈ ਸਾਹਿਬ ਦੇ ਘਰ ਆ ਕੇ ਕੀਰਤਨ ਲਈ ਬੇਨਤੀ ਕੀਤੀ' ਡਾਇਰੀ ਵਿਚ ਉਹ ਸਮਾਂ ਕਿਸੇ ਹੋਰ ਦੇ ਲਈ ਨੀਯਤ ਸੀ। ਭਾਈ ਸਾਹਿਬ ਨੇ ਮਜ਼ਬੂਰੀ ਜਾਣ ਹੱਥ ਜੋੜ ਖਿਮਾਂ ਮੰਗੀ। ਉਹ ਸਿੱਖ ਬਜ਼ਿੱਦ ਸੀ। ਸਾਧਾਰਨ ਲੋਕਾਂ ਉੱਤੇ ਉਹ ਆਪਣੀ ਮਾਇਆ ਦਾ ਜਾਦੂ ਚਲਾਨਾ ਜਾਣਦਾ ਸੀ। ਉਸ ਨੇ ਜਾਣਿਆ ਇਹ ਜਾਦੂ ਭਾਈ ਸਾਹਿਬ ਤੇ ਵੀ ਚਲ ਜਾਏਗਾ।' ਬੜੀ ਚੁਸਤੀ ਨਾਲ ਭਾਈ ਸਾਹਿਬ ਤੋਂ ਡਾਇਰੀ ਲੈ ਕੇ ਪਹਿਲਾਂ ਲਿਖਿਆ ਪ੍ਰੋਗਰਾਮ ਕੱਟ ਕੇ ਉਸ ਦੀ ਥਾਂ ਆਪਣਾ ਨਾਮ, ਪਤਾ ਆਦਿ ਲਿਖ ਕੇ ਨਾਲ ਹੀ ਇਕ ਹਜ਼ਾਰ ਰੁਪੈ ਭੇਟਾ ਵੀ ਨੋਟ ਕਰ ਦਿੱਤੀ। ਭਾਈ ਸਾਹਿਬ ਦੇ ਅੱਗੇ ਡਾਇਰੀ ਰੱਖ ਕੇ ਪੁੱਛਣ ਲੱਗਾ, 'ਲਓ ਮਹਾਰਾਜ, ਹੁਣ ਤੇ ਦਰਸ਼ਨ ਦਿਓਗੇ?'

ਭਾਈ ਸਾਹਿਬ ਨੇ ਰਤੀ ਸੋਚ ਕੇ ਜੁਆਬ ਦਿੱਤਾ।

ਹਾਂ, ਗੁਰਮੁਖਾ ਆਵਾਂਗੇ, ਪਰ ਤੁਸਾਂ ਅੱਜ ਤੋਂ ਮੈਨੂੰ ਵਿਕਣ ਲਾ ਦਿੱਤਾ ਹੈ। ਹੁਣ ਤਾਂ ਤੁਸੀਂ ਖਰੀਦ ਕੇ ਲੈ ਚਲੇ, ਜੇਕਰ ਮਗਰੋਂ ਕੋਈ ਹੋਰ ਵਧੇਰੇ ਮੁੱਲ ਤਾਰਨ ਵਾਲਾ ਆ ਗਿਆ ਤਾਂ ਤੁਹਾਡਾ ਨਾਮ ਕੱਟਿਆ ਜਾਵੇਗਾ ਤੇ ਉੱਪਰ ਉਸ ਦਾ ਲਿਖਿਆ ਜਾਵੇਗਾ।' ਉਸ ਧਨਾਢ ਸਿੱਖ ਨੂੰ ਭਾਈ ਸਾਹਿਬ ਦੀ ਰਮਜ਼ ਕਾਟ ਕਰ ਗਈ। ਆਪਣੀ ਭੁੱਲ ਸਮਝ ਗਿਆ।' ਭਾਈ ਸਾਹਿਬ ਦੇ ਗੋਡੇ ਹੱਥ ਲਾਇਆ ਕਹਿਣ ਲੱਗਾ, ਮੈਂ ਇਸ ਪਾਪ ਦਾ ਭਾਗੀ ਨਹੀਂ ਬਣਾਂਗਾ। ਤੁਸੀਂ ਆਪਣਾ ਪਹਿਲਾਂ ਨੀਯਤ ਪ੍ਰੋਗਰਾਮ ਹੀ ਨਿਭਾਓ।'

—ਜੋਧ ਸਿੰਘ



ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸ਼ਬਦ-ਗਾਇਨ ਮੁਕਾਬਲੇ ਵਿੱਚ ਪ੍ਰਥਮ ਆਈ ਟੀਮ ਨੂੰ ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ ਭੇਟ ਕੀਤੀ ਪ੍ਰੋ. ਤਾਰਾ ਸਿੰਘ ਟ੍ਰਾਫੀ ਪ੍ਰਦਾਨ ਕੀਤੀ ਜਾ ਰਹੀ ਹੈ । ਨਾਲ ਖੜ੍ਹੇ ਹਨ ਸ੍ਰ. ਐਚ. ਕੇ. ਮੋਹਨ ਸਿੰਘ ਵਾਈਸ ਚਾਂਸਲਰ, ਮੋਹਨ ਸਿੰਘ ਡੀ.ਪੀ.ਆਈ. (ਕਾਲਜ), ਪ੍ਰੋ. ਦਲਜੀਤ ਸਿੰਘ ਡਾਇਰੈਕਟਰ ਅਤੇ ਡਾ. ਜਗੀਰ ਸਿੰਘ ਪ੍ਰਧਾਨ ਅੰਮ੍ਰਿਤ ਕੀਰਤਨ ਟ੍ਰਸਟ ।

# ਅੰਮ੍ਰਿਤ ਕੀਰਤਨ

# Amrit Kirtan

# अमृत कीर्तन

ਅੰਕ : 11 ਅਪ੍ਰੈਲ, 1990

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਡਾ. ਸਤੀਸ਼ ਮੈਨਨ
ਸ੍ਰ: ਕੁਲਦੀਪ ਸਿੰਘ
ਪ੍ਰੋ: ਮਨਜੀਤ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇੱਕ ਕਾਪੀ : 5 ਰੁਪਏ

**ਦੇਸ਼ :**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼ :**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ ਪੰਨਾ

1. ਤੁਹਾਡੇ ਪੱਤਰ 2
2. ਮੁਲਾਕਾਤ-ਭਾਈ ਬਲਬੀਰ ਸਿੰਘ ਰਾਗੀ
—ਇੰਦਰਜੀਤ ਸਿੰਘ ਗੋਗੋਆਣੀ 3
3. ਕੀਰਤਨ ਦੀ ਮਹਾਨਤਾ
—ਭਾਈ ਕਰਮ ਸਿੰਘ ਰਤਨ 8
4. ਗੁਰਬਾਣੀ ਤੇ ਉਸਦਾ ਸੰਗੀਤ
—ਬਲਦੇਵ ਸਿੰਘ ਸੁਖਮਨੀ 12
5. ਭਾਈ ਵੀਰ ਸਿੰਘ ਰਾਗੀ
—ਪ੍ਰੋ. ਰਣਜੀਤ ਸਿੰਘ 14
6. ਭਾਈ ਸੰਤਾ ਸਿੰਘ ਕੰਵਲ
—ਗਿ. ਗੁਰਨਾਮ ਸਿੰਘ ਸੋਹਾਣਾ 17
7. ਸੰਗੀਤ ਵਿਚ ਸੁਰ ਅਤੇ ਸਪਤਕ
—ਭਾਈ ਕੁਲਵੰਤ ਸਿੰਘ ਚੰਦਨ 19
8. ਰਾਗ ਹੰਸ ਧੁਨੀ-ਪ੍ਰੋ. ਜੀ.ਐਸ. ਸਹਿਗਲ 21
9. ਰਾਗ ਬਿਲਾਵਲ-ਹਰਭਜਨ ਸਿੰਘ ਚੋਪੜਾ 23
10. ਰੂਪਕ ਤਾਲ ਦੀ ਜਾਣ ਪਛਾਣ
— ਪ੍ਰੋ. ਜਤਿੰਦਰ ਸਿੰਘ ਖੰਨਾ 25
12. कला और भक्ति-डा. पाण्डुरंग राव 26
12. An Apeal—Gurbachan Singh 30
13. ਸੰਗੀਤ ਦੀਆਂ ਕੈਸਟਾਂ 31
14. ਪੁਸਤਕ ਰੀਵੀਊ—ਸੰਗੀਤ ਕੌਰ
ਡਾ. ਡੀ.ਐਸ. ਨਰੂਲਾ 34
15. ਰਬਾਬੀ ਗਾਇਕ-ਟੀ. ਸੀ. ਨਾਗਪਾਲ ਕਵਰ 3

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

ਅੰਮ੍ਰਿਤ ਕੀਰਤਨ ਦੇ ਅੰਕ 8-9 ਵਿੱਚ ਛਪਿਆ ਲੇਖ 'ਖਿਆਲ ਅਤੇ ਟੱਪੇ ਦੇ ਮਹਾਨ ਗਾਇਕਾਂ ਦੀ ਪੰਜਾਬੀ ਸਾਹਿਤ ਨੂੰ ਦੇਣ 'ਨਿਬੰਧ ਬੇ ਮਿਸਾਲ ਹੈ ।...ਕੀ ਗੁਰਬਾਣੀ ਵਿੱਚ ਛੰਦ ਅਤੇ ਰਾਗ ਦਾ ਕੋਈ ਸਬੰਧ ਹੈ ? ਗੁਰਬਾਣੀ ਦਾ ਇਕ ਵਿਸ਼ੇਸ਼ ਰਾਗ ਸਥਾਪਤ ਕਰਨ ਸਮੇਂ ਸੱਚੇ ਪਾਤਸ਼ਾਹ ਨੇ ਕਿਹੜੇ ਪਹਿਲੂਆਂ ਨੂੰ ਧਿਆਨ ਵਿਚ ਰਖਿਆ । ਮੀਟਰ, ਛੰਦ, ਤਾਲ ਮਜਮੂਨ ਮੂਡ ਜਾਂ ਤਖੱਈਅਲ ਦੀ ਕਿਸਮ—ਤੁਸੀਂ ਇਸ ਪੱਖ ਉਤੇ ਰੌਸ਼ਨੀ ਪਾਉਂਦਾ ਕੋਈ ਨਿਬੰਧ 'ਅੰਮ੍ਰਿਤ ਕੀਰਤਨ' ਦੇ ਕਿਸੇ ਅਗਲੇ ਅੰਕ ਵਿਚ ਪ੍ਰਕਾਸ਼ਿਤ ਕਰੋ ।

ਹਰਿੰਦਰ ਮਹਿਬੂਬ, ਗੜ੍ਹਦੀਵਾਲ

ਆਪ ਜੀ ਦੀ ਪਤਰਿਕਾ 'ਅੰਮ੍ਰਿਤ ਕੀਰਤਨ' ਕੈਪਟਨ ਭਾਗ ਸਿੰਘ ਸਿਖ ਰੀਵੀਊ, ਕਲਕਤਾ ਦੁਆਰਾ ਪ੍ਰਾਪਤ ਹੋਈ । ਮਨ ਗਦ ਗਦ ਹੋ ਉੱਠਿਆ । ਬੜੇ ਦਿਨਾਂ, ਦੀ ਆਸ ਪੂਰੀ ਹੋਈ । ਅਸੀਂ ਆਪ ਦੇ ਇਸ ਉਪਰਾਲੇ ਲਈ ਹਰ ਤਰ੍ਹਾਂ ਦੀ ਮਦਦ ਕਰਾਂਗੇ ।

ਨਰਿੰਦਰ ਸਿੰਘ ਪ੍ਰਧਾਨ
ਗੁਰਬਾਣੀ ਮਿਊਜ਼ਕ ਅਕੈਡਮੀ ਕਲਕਤਾ ।

ਅੰਮ੍ਰਿਤ ਕੀਰਤਨ ਦਾ ਅੰਕ ਨੰਬਰ 10 ਪ੍ਰਾਪਤ ਹੋਇਆ । ਸ਼ਬਦ ਨਹੀਂ ਮਿਲਦੇ ਜਿਹਨਾਂ ਨਾਲ ਟ੍ਰਸਟ ਦਾ ਧੰਨਵਾਦ ਕਰ ਸਕਾਂ ਅਤੇ ਮੈਗਜੀਨ ਚਲਾਉਣ ਦੇ ਮਹਾਨ ਉਪਰਾਲੇ ਦੀ ਪ੍ਰਸੰਸਾ ਕਰ ਸਕਾਂ—

ਸੰਤੋਖ ਸਿੰਘ, ਸੰਪਾਦਕ
ਸ਼ਿਵਾਲਿਕ ਬਾਣੀ—ਜੰਮੂ

ਆਪ ਦੁਆਰਾ ਪ੍ਰਕਾਸ਼ਤ ਅੰਮ੍ਰਿਤ ਕੀਰਤਨ ਰਸਾਲਾ ਪ੍ਰਾਪਤ ਹੋਇਆ । ਆਪ ਦਾ ਉਦਮ ਸ਼ਲਾਘਾਯੋਗ ਹੈ । ਅਜਿਹੇ ਕਾਰਜ ਅਰੰਭਣੇ ਤਾਂ ਸੌਖੇ ਹਨ ਪਰ ਜਾਰੀ ਰੱਖਣ ਲਈ ਬਹੁਤ ਵੱਡੇ ਜਿਗਰੇ ਦੀ ਜ਼ਰੂਰਤ ਹੈ । ਇਹਨਾਂ ਕਾਰਜਾਂ ਵਿਚ ਮਾਇਕ ਤੌਰ ਤੇ ਘਾਟਾ ਹੀ ਘਾਟਾ ਹੈ । ਤੁਸੀਂ ਇਹ ਘਾਟਾ ਖਿੜੇ ਮੱਥੇ ਬਰਦਾਸ਼ਤ ਕਰ ਰਹੇ ਹੋ, ਤੁਸੀਂ ਧੰਨ ਹੋ ।

ਹਰਜਾਪ ਸਿੰਘ ਔਜਲਾ ਅਮਰੀਕਾ

ਅੰਮ੍ਰਿਤ ਕੀਰਟਨ ਦੀ ਤਾਰੀਫ ਕਰਨ ਲਈ ਸ਼ਬਦ ਨਹੀਂ ਹਨ—ਗੁਰੂ ਸਾਹਿਬ ਦਾ ਕਥਨ ਹੈ ਕਿ—

ਕਲਜੁਗ ਮਹਿ ਕੀਰਤਨ ਪਰਧਾਨਾ

ਸਾਡੀਆਂ ਧਾਰਮਿਕ ਸੰਸਥਾਵਾ ਨੂੰ ਚਾਹੀਦਾ ਹੈ ਕਿ ਉਹ ਵੱਧ ਤੋਂ ਵੱਧ ਕੀਰਤਨ ਵਿੱਦਿਆਲੇ ਖੋਹਲਣ । ਆਪ ਜੀ ਨੇ ਅੰਮ੍ਰਿਤ ਕੀਰਤਨ ਪੱਤਰ ਕੱਢ ਕੇ ਕੀਰਤਨ ਪ੍ਰੇਮੀਆਂ ਦੀ ਬਹੁਤ ਮਦਦ ਕੀਤੀ ਹੈ ।

ਰਾਜਵੰਤ ਸਿੰਘ ਵਡਾਲਾ

ਕਲਾਸੀਕਲ ਦੇ ਮਾਹਿਰ



# ਭਾਈ ਬਲਬੀਰ ਸਿੰਘ

ਇੰਦਰਜੀਤ ਸਿੰਘ ਗੋਗੋਆਣੀ

ਸੱਚਖੰਡ ਜੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਇੱਕ ਅਜਿਹਾ ਰਾਗੀ ਜਥਾ ਵੀ ਹੈ ਜਿਨ੍ਹਾਂ ਦਾ ਇੱਕ ਨਿਵਕੇਲਾ ਹੀ ਅੰਦਾਜ਼ ਹੈ। ਰਾਗ ਵਿੱਦਿਆ ਬਾਰੇ ਜਾਣਕਾਰੀ ਰੱਖਣ ਵਾਲੇ ਪ੍ਰੇਮੀ ਬੀਨ ਤੇ ਮਸਤ ਹੋਏ ਨਾਗ ਵਾਂਗ ਅਨੰਦ ਮਈ ਮਹੌਲ ਵਿੱਚ ਝੂਮਣ ਲੱਗ ਪੈਂਦੇ ਹਨ। ਇੰਨੀ ਕੁ ਬਾਣੀ ਕੰਠ ਹੈ ਕਿ ਜਦੋਂ ਪ੍ਰਮਾਣ ਦੇਣ ਲੱਗ ਪਏ, ਪਤਾ ਨਹੀਂ ਸ਼ਬਦ ਦੀ ਸਥਾਈ ਕਦੋਂ ਆਵੇ। ਇਹ ਹਨ ਹਜ਼ੂਰੀ ਰਾਗੀ ਭਾਈ ਬਲਬੀਰ ਸਿੰਘ ਜੀ। ਭਾਈ ਸਾਹਿਬ ਦੇ ਪਿਤਾ ਜੀ ਭਾਈ ਸੰਤਾ ਸਿੰਘ ਸੰਗੀਤ ਦੇ ਮਹਾਨ ਵਿਦਵਾਨ ਸਨ। ਇਸ ਖਾਨਦਾਨ ਦੀ ਸੱਤਾਂ ਪੀੜ੍ਹੀਆਂ ਤੋਂ ਸੰਗੀਤ ਨਾਲ ਸਾਂਝ ਹੈ। ਭਾਈ ਬਲਬੀਰ ਸਿੰਘ ਦਾ ਜਨਮ 1933 ਨੂੰ ਤਰਨਤਾਰਨ ਸਾਹਿਬ ਵਿਖੇ ਹੋਇਆ। ਜਦੋਂ ਤੋਂ ਉਹਨਾਂ ਅੱਖਾਂ ਖੋਹਲੀਆਂ ਉਨ੍ਹਾਂ ਦਾ ਘਰ ਸੰਗੀਤ ਦਾ ਕੇਂਦਰ ਸੀ। ਉਹਨਾਂ ਰੱਜ ਕੇ ਰਿਆਜ਼ ਕੀਤਾ ਅਤੇ ਰੱਜ ਕੇ ਗੁਰੂ ਦਾ ਜੱਸ ਗਾਇਆ ਹੈ। ਸੱਤ ਸਾਲ ਦੀ ਉਮਰ ਵਿਚ ਹੀ ਸ੍ਰੀ ਗੁਰੂ ਸਿੰਘ ਸਭਾ ਇੰਦੌਰ ਵਲੋਂ ਕਰਵਾਏ ਗਏ ਪੰਦਰਾਂ ਸਾਲ ਦੇ ਬੱਚਿਆਂ ਦੇ ਇਨਾਮੀ ਕੀਰਤਨ ਦਰਬਾਰ ਵਿੱਚੋਂ ਉਹਨਾਂ ਗੋਲਡ ਮੈਡਲ ਪ੍ਰਾਪਤ ਕੀਤਾ। ਉਹ ਆਪਣੇ ਤਾਇਆ ਜੀ ਨਾਲ ਉਥੇ ਵੈਸੇ ਹੀ ਗਏ ਸਨ। ਮਹੱਲੇ ਵਿੱਚ ਉਹਨਾਂ ਦੇ ਘਰ ਦੀ ਪਹਿਚਾਣ ਦਰਵਾਜੇ ਤੇ ਲੱਗੇ ਇਸ ਬੋਰਡ ਤੇ ਹੋ ਜਾਂਦੀ ਹੈ, "ਤੀਸਰੇ ਸਰਬ ਹਿੰਦ ਗੁਰਮਤਿ ਸੰਗੀਤ ਸੰਮੇਲਨ ਵਿਚ ਪੰਜ ਹਜ਼ਾਰ ਦਾ ਪਹਿਲਾ ਇਨਾਮ ਪ੍ਰਾਪਤ ਕਰਨ ਵਾਲੇ ਜੇਤੂ"

ਇਹ ਮੁਕਾਬਲਾ 25 ਅਪਰੈਲ 1983 ਨੂੰ ਇੰਡੀਅਨ ਕੌਂਸਲ ਫਾਰ ਸਿਖ ਅਫੇਰਜ਼ ਵਲੋਂ ਨਵੀਂ ਦਿੱਲੀ ਵਿਖੇ ਹੋਇਆ ਜਿਸ ਵਿੱਚ 406 ਜਥਿਆਂ ਨੇ ਭਾਗ ਲਿਆ ਸੀ। ਭਾਈ ਸਾਹਿਬ ਦੇ

ਗਲੇ ਦੀ ਪਰਪੱਕਤਾ ਅਤੇ ਰਿਆਜ਼ ਦਾ ਇਥੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ, ਜਦੋਂ ਪੰਥ ਦੀ ਮਾਨਯੋਗ ਹਸਤੀ ਬਾਬਾ ਖੜਕ ਸਿੰਘ ਜੀ ਪਰਲੋਕ ਸਿਧਾਰ ਗਏ ਤਾਂ ਉਹਨਾਂ ਦੀਆਂ ਅਸਥੀਆਂ ਬੀੜ ਬਾਬਾ ਬੁੱਢਾ ਸਾਹਿਬ ਤੋਂ ਗੋਇੰਦਵਾਲ ਨੂੰ ਭਾਰੀ ਇਕੱਠ ਦੇ ਰੂਪ ਵਿਚ ਸੰਗਤਾਂ ਪ੍ਰਵਾਹ ਕਰਨ ਲਈ ਗਈਆਂ। ਇਸ 8 ਘੰਟੇ ਦੇ ਸਫਰ ਵਿੱਚ ਭਾਈ ਸਾਹਿਬ ਲਗਾਤਾਰ ਕੀਰਤਨ ਕਰਦੇ ਗਏ। ਉਹ ਹੈਰਾਨ ਵੀ ਹਨ ਕਿ ਇੰਨੀ ਸ਼ਕਤੀ ਗੁਰੂ ਘਰ ਦੀ ਬਖਸ਼ਿਸ ਹੀ ਹੈ। ਪਿਛਲੇ ਦਿਨੀਂ ਉਹਨਾਂ ਨੂੰ ਮਿਲਣ ਦਾ ਮੌਕਾ ਮਿਲਿਆ। ਪੇਸ਼ ਹੈ, ਉਹਨਾਂ ਨਾਲ ਇੱਕ ਛੋਟੀ ਜਿਹੀ ਮੁਲਾਕਾਤ :—

ਪ੍ਰਸ਼ਨ : ਭਾਈ ਸਾਹਿਬ ਤੁਸੀਂ ਸੰਗੀਤ ਸਿੱਖਿਆ ਕਿਥੋਂ-ਕਿੱਥੋਂ ਪ੍ਰਾਪਤ ਕੀਤੀ ਅਤੇ ਕਿੰਨੀ ਕੁ ਦੇਰ ਤੱਕ ?

ਉੱਤਰ : ਬੱਸ ਜਦੋਂ ਤੋਂ ਸੁਰਤ ਸੰਭਾਲੀ ਸਿੱਖਣਾਂ ਸ਼ੁਰੂ ਕਰ ਦਿੱਤਾ। ਗੱਲ ਕੀ ਜਿਸ ਵਿਹੜੇ ਵਿੱਚ ਰਿੜ੍ਹਣਾਂ ਸਿੱਖਿਆ ਉਸ ਵਿਹੜੇ ਵਿੱਚ ਹੀ ਗਾਉਣਾ ਸਿੱਖਿਆ। ਮੇਰੇ ਪਿਤਾ ਜੀ ਸੰਗੀਤ ਦੇ ਤਕੜੇ ਮਾਹਿਰ ਸਨ। ਇਸ ਤੋਂ ਸਿਵਾ ਤਾਇਆ ਜੀ ਸ੍ਰ: ਸੋਹਣ ਸਿੰਘ ਅਤੇ ਚਾਚਾ ਜੀ ਸ੍ਰ: ਤਾਰਾ ਸਿੰਘ ਹੋਰਾਂ ਤੋਂ ਵੀ ਸਿੱਖਿਆ ਪ੍ਰਾਪਤ ਕੀਤੀ। ਮੈਂ ਭਾਈ ਲਾਲ ਜੀ ਤੋਂ ਵੀ ਸਿੱਖਿਆ ਲਈ ਅਤੇ1950 ਵਿੱਚ ਦੋ ਸਾਲ ਲਈ ਕਲਕੱਤੇ ਰਹਿਣ ਦਾ ਮੌਕਾ ਮਿਲਿਆ ਮੈਂ ਬੜੇ ਗੁਲਾਮ-ਅਲੀ ਖਾਂ ਤੋਂ ਵੀ ਖਾਸ ਨੁਕਤੇ ਪ੍ਰਾਪਤ ਕੀਤੇ। ਗੱਲ ਕੀ ਜਿਥੋਂ ਵੀ ਕੁਝ ਮਿਲਿਆ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ।

ਪ੍ਰਸ਼ਨ : ਫਿਰ ਤੁਸੀਂ ਇਸ ਖੇਤਰ ਵਿੱਚ ਸਰਵਿਸ ਕਦੋਂ ਸ਼ੁਰੂ ਕੀਤੀ ?

ਉੱਤਰ : ਮੈਂ 21 ਸਾਲ ਦੀ ਉਮਰ ਵਿੱਚ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਵਿਖੇ ਆਪਣੇ ਪੂਰੇ ਜਥੇ ਨਾਲ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਜਥੇ ਵਿੱਚ ਤਿੰਨੇ ਸਕੇ ਭਰਾ ਹਾਂ। ਭਾਈ ਚਤਰ ਸਿੰਘ ਸਾਈਡ ਤੇ ਅਤੇ ਭਾਈ ਮਹਿੰਦਰ ਸਿੰਘ ਜੋੜੀ ਤੇ। ਅਸੀਂ ਤਿੰਨਾਂ ਨੇ ਇਕੱਠਿਆਂ ਹੀ ਸਿੱਖਿਆ ਅਤੇ ਹੁਣ ਤਾਈਂ ਸ਼ੁਰੂ ਤੋਂ ਲੈ ਕੇ ਇਕੱਠੇ ਹੀ ਹਾਂ।

ਪ੍ਰਸ਼ਨ : ਤੁਸੀਂ ਇਥੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕਦੋਂ ਤੋਂ ਆਏ ?

ਉੱਤਰ : ਸੰਗਤਾਂ ਦੇ ਜ਼ੋਰ ਪਾਉਣ ਤੇ ਅਸੀਂ ਤਰਨਤਾਰਨ ਤੋਂ 1964 ਵਿੱਚ ਇੱਥੇ ਆ ਗਏ। 1977 ਵਿੱਚ ਸਾਨੂੰ ਦਿੱਲੀ ਦੀ ਸੰਗਤ ਨੇ ਮਜ਼ਬੂਰ ਕੀਤਾ ਫਿਰ ਅਸੀਂ 84 ਤੱਕ ਸੀਸ ਗੰਜ ਸਾਹਿਬ ਦਿੱਲੀ ਵਿਖੇ ਸੇਵਾ ਕਰਦੇ ਰਹੇ। 1984 ਦੇ ਦੰਗਿਆਂ ਤੋਂ ਬਾਅਦ ਉੱਥੇ ਰਹਿਣ ਨੂੰ ਦਿਲ ਨਹੀਂ ਕੀਤਾ ਫਿਰ ਇੱਥੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆ ਗਏ।

ਪ੍ਰਸ਼ਨ : ਕਿੰਨੇ ਕੁ ਰਾਗਾਂ ਅਤੇ ਤਾਲਾਂ ਵਿੱਚ ਕੀਰਤਨ ਕਰ ਸਕਦੇ ਹੋ।

ਉੱਤਰ : ਮੈਂ ਤਕਰੀਬਨ ਸਵਾ ਕੁ ਸੌ ਰਾਗਾਂ ਵਿੱਚ ਗਾ ਸਕਦਾ ਹਾਂ। ਜਿਥੋਂ ਤੱਕ ਤਾਲਾਂ ਦਾ ਸਵਾਲ ਹੈ ਹਰ ਔਖੇ ਤੋਂ ਔਖੇ ਤਾਲ ਵਿੱਚ ਅਸੀਂ ਗਾਉਂਦੇ ਹਾਂ ਜਿਵੇਂ ਧਰੁਪਦ, ਧਮਾਰ, ਚੁਤਾਲਾ ਆਦਿ। ਅਸੀਂ ਦਸਮ ਗਰੰਥ 'ਚੋਂ ਤਰਾਨੇ ਦੀ ਚਾਲ ਦੇ ਸ਼ਬਦ ਗਇਕੀ ਵਿੱਚ

ਲਿਆਦੇ ਹਨ । ਵੱਖ ਵੱਖ ਰਾਗਾਂ ਤੇ ਤਾਲਾਂ ਵਿੱਚ ਗੁਲਦਸਤਾ ਤਿਆਰ ਕਰਨਾ ਅਤੇ ਗਾਉਣਾ ਸਾਡਾ ਸ਼ੌਕ ਹੈ ।

ਪ੍ਰਸ਼ਨ : ਸੁਣਿਆ ਹੈ, ਤੁਸੀਂ ਤੰਤੀ ਸਾਜ਼ਾਂ ਨਾਲ ਵੀ ਕੀਰਤਨ ਕਰਦੇ ਰਹੇ ਹੋ ?

ਉੱਤਰ : ਹਾਂ, ਮੈਂ ਦਿਲਰੁਬਾ ਤਾਊਸ, ਜਲਤਰੰਗ ਬਾਰੇ ਚੰਗੀ ਤਰ੍ਹਾਂ ਸਿੱਖਿਆ ਪ੍ਰਾਪਤ ਕੀਤੀ । ਇਸ ਲਈ ਅਸੀਂ ਦਿਲਰੁਬਾ ਤੇ ਕੀਰਤਨ ਕਰਦੇ ਰਹੇ ਹਾਂ । ਮੈਂ ਜੋੜੀ ਤੇ ਵੀ ਖੂਬ ਹੱਥ ਅਜ਼ਮਾ-ਇਆ ਹੈ । ਤਬਲਾ ਤਰੰਗ ਤੁਸੀਂ ਸ਼ਾਇਦ ਨਾ ਸੁਣਿਆ ਹੋਵੇ ਕਿਸੇ ਦਿਨ ਖੁੱਲ੍ਹੇ ਟਾਈਮ ਬਹਿ ਕੇ ਸੁਣਾਵਾਂਗੇ ।

ਪ੍ਰਸ਼ਨ : ਤੁਸੀਂ ਰੇਡਿਓ ਟੈਲੀਵਿਜ਼ਨ ਤੇ ਕਦੋ ਤੋਂ ਪ੍ਰਵਾਣਤ ਹੋ ?

ਉੱਤਰ : ਪਹਿਲਾਂ ਤਾਂ ਅਸੀਂ ਕੋਸ਼ਿਸ਼ ਹੀ ਨਹੀਂ ਕੀਤੀ । ਪਰ ਜਦੋਂ ਅਕਾਸ਼ਵਾਣੀ ਤੋਂ ਦਰਬਾਰ ਸਾਹਿਬ ਦਾ ਪ੍ਰੋਗਰਾਮ ਰੀਲੇਅ ਕਰਨ ਦੇ ਸੰਬੰਧ ਵਿੱਚ ਪ੍ਰੋਡਿਊਸਰ ਕਲਸੀ ਸਾਹਿਬ ਇੱਕ ਵਾਰ ਇੱਥੇ ਆਏ ਤਾਂ ਸਾਡਾ ਕੀਰਤਨ ਸੁਣ ਕੇ ਉਹਨਾਂ ਸਾਨੂੰ ਪ੍ਰੇਰਿਆ । ਅਸੀਂ 1987 ਵਿੱਚ ਹੀ ਰੇਡੀਓ ਤੇ ਅਤੇ ਇਸੇ ਸਾਲ ਹੀ ਟੈਲੀਵਿਜ਼ਨ ਤੇ ਪ੍ਰੋਗਰਾਮ ਦਿੱਤਾ । 1987 ਵਿੱਚ ਹੀ ਦਿੱਲੀ ਅਕਾਸ਼ਵਾਣੀ ਵਾਲਿਆ ਨੇ ਨੈਸ਼ਨਲ ਪ੍ਰੋਗਰਾਮ ਦੇ ਪ੍ਰਸਾਰਨ ਲਈ ਸਾਡੇ ਸ਼ਬਦ ਰੀਕਾਰਡ ਕੀਤੇ

ਪ੍ਰਸ਼ਨ : ਕੀ ਕੋਈ ਗ੍ਰਾਮੋਫੋਨ ਜਾਂ ਕੈਸਟ ਟੇਪਾਂ ਵੀ ਤਿਆਰ ਕੀਤੀਆਂ ?

ਉੱਤਰ : ਸਾਡਾ 1974 ਵਿੱਚ 'ਮਦਾਨ ਮਸ਼ੀਨਰੀ ਸਾਰਟ' ਕਲਕੱਤੇ ਦੀ ਕੰਪਨੀ ਨੇ ਪੰਜ ਸ਼ਬਦਾਂ ਦਾ ਗ੍ਰਾਮੋਫੋਨ ਰਿਕਾਰਡ ਤਿਆਰ ਕੀਤਾ । ਉਸ ਤੋਂ ਬਾਅਦ ਆਮ ਕੀਰਤਨ ਦਰਬਾਰਾਂ ਵਿੱਚ ਤਾਂ ਦੁਕਾਨਾਂ ਵਾਲਿਆਂ ਨੇ ਕੈਸਟਾਂ ਤਿਆਰ ਕੀਤੀਆਂ ਪਰ ਅਸੀਂ ਕਿਸੇ ਕੰਪਨੀ ਵਿੱਚ ਨਹੀਂ ਗਏ ।

ਪ੍ਰਸ਼ਨ : ਕੀਰਤਨ ਤੋਂ ਇਲਾਵਾ ਕੋਈ ਹੋਰ ਸ਼ੌਕ ?

ਉੱਤਰ : ਬੱਸ ਕਲਸੀਕਲ ਸੁਣਨ ਦਾ ਸ਼ੌਕ ਹੈ । ਔਖੇ ਸ਼ਬਦਾਂ ਨੂੰ ਗਾਇਕੀ ਵਿੱਚ ਲਿਆਉਣਾ । ਵਿਹਲੇ ਸਮੇਂ ਇਹ ਹੀ ਮਿਹਨਤ ਕਰੀਦੀ ਹੈ ਕਿਉਂ ਕਿ ਆਮ ਕੀਰਤਨੀਏ ਸੌਖੇ ਸ਼ਬਦਾਂ ਨੂੰ ਹੀ ਗਾਉਂਦੇ ਹਨ ਅਤੇ ਔਖੇ ਸ਼ਬਦਾ ਨੂੰ ਘੱਟ ਹੀ ਗਾਇਨ ਕਰਦੇ ਹਨ । ਸਾਡਾ ਸ਼ੌਕ ਉਲਟ ਹੈ ।

ਪ੍ਰਸ਼ਨ : ਤੁਸੀਂ ਸੱਤਵੀਂ ਪੀੜ੍ਹੀ ਤੱਕ ਰਾਗ ਵਿੱਦਿਆ ਨੂੰ ਕਾਇਮ ਰੱਖਿਆ ਅੱਗੇ ਤੁਹਾਡੇ ਬੱਚਿਆਂ ਵਿਚੋਂ ਵੀ ਕੋਈ ਸ਼ੌਕ ਰੱਖਦਾ ਹੈ ?

ਉੱਤਰ : ਹਾਂ ਮੇਰੇ ਦੋਨੋਂ ਸਪੁੱਤਰ ਬਹਾਦਰ ਸਿੰਘ ਤੇ ਸੌਦਾਗਰ ਸਿੰਘ ਪੂਰੀ ਲਗਨ ਨਾਲ ਮਿਹਨਤ ਕਰ ਰਹੇ ਹਨ । ਮਹਾਰਾਜ ਕਿਰਪਾ ਕਰਨ ਸਾਡੀ ਜਗ੍ਹਾ ਬੂਟਾ ਕਾਇਮ ਰਹੇਗਾ ।

ਪ੍ਰਸ਼ਨ : ਅਜਿਹੇ ਕੀਰਤਨੀਆਂ ਦੇ ਨਾਮ ਦੱਸੋ ਜਿਹਨਾਂ ਤੁਹਾਨੂੰ ਪ੍ਰਭਾਵਤ ਕੀਤਾ ਹੋਵੇ ?

ਉੱਤਰ : ਮੈਂ ਸੰਤ ਸੁਜਾਨ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਬਖਸ਼ੀਸ ਸਿੰਘ, ਭਾਈ ਪ੍ਰਿਥੀਪਾਲ ਸਿੰਘ ਨੂੰ ਕਾਫੀ ਪਸੰਦ ਕਰਦਾ ਹਾਂ ।

ਪ੍ਰਸ਼ਨ : ਕੋਈ ਹੋਰ ਵੇਰਵਾ ਜੋ ਤੁਸੀਂ ਦੇਣਾ ਚਾਹੁੰਦੇ ਹੋ ?

ਉੱਤਰ : ਬੱਸ ਇਹੋ ਹੀ ਹੈ ਕਿ ਸ਼ਬਦ ਕੀਰਤਨ ਨਿਰਧਾਰਤ ਰਾਗਾਂ ਤੇ ਹੋਣਾ ਚਾਹੀਦਾ ਹੈ । ਘੱਟੋ ਘੱਟ ਇੱਥੇ ਦਰਬਾਰ ਸਾਹਿਬ ਤਾਂ ਹਰ ਰਾਗੀ ਯੋਗਤਾ ਅਨੁਸਾਰ ਰੱਖਿਆ ਜਾਵੇ । ਇੱਥੇ ਫਿਲਮੀ ਤਰਜ਼ਾਂ ਤੇ ਅਧਾਰਿਤ ਹੁੰਦਾ ਕੀਰਤਨ ਚੰਚਲਤਾ ਭਰਪੂਰ ਜ਼ਿਆਦਾ ਹੈ । ਸ਼੍ਰੋਮਣੀ ਕਮੇਟੀ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਇੱਥੇ ਕਈ ਜਥੇ ਰਾਗ ਵਿੱਦਿਆ ਦੇ ਮਾਹਿਰ ਵੀ ਹਨ ਜੇ ਬਾਕੀਆਂ ਤੇ ਵੀ ਇਹ ਗੱਲ ਲਾਗੂ ਹੋ ਜਾਵੇ ਤਾਂ ਇਸ ਦਾ ਬਾਹਰ ਵੀ ਅਸਰ ਜ਼ਰੂਰ ਪਵੇਗਾ ।

ਪ੍ਰਸ਼ਨ : ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਕਲਾਸੀਕਲ ਸੁਣਨ ਵਾਲੇ ਸਰੋਤੇ ਹੀ ਨਹੀਂ ਇਸ ਲਈ ਸਿੱਧੀਆਂ ਧਾਰਨਾਂ ਪ੍ਰਚੱਲਤ ਹਨ ?

ਉੱਤਰ : ਜੇਕਰ ਕਲਾਸੀਕਲ ਗਾਇਨ ਕੀਤਾ ਜਾਵੇ ਤਾਂ ਹੀ ਸਰੋਤੇ ਪੈਦਾ ਹੋਣ । ਰਾਗ ਵਿੱਦਿਆ ਦੀ ਜਾਣਕਾਰੀ ਲੰਮੇ ਅਭਿਆਸ ਦਾ ਕੰਮ ਹੈ ਇੰਨੀ ਮਿਹਨਤ ਕੋਈ ਘੱਟ ਹੀ ਕਰਦਾ ਹੈ । ਸਿੱਧੀਆਂ ਧਾਰਨਾਂ ਦੀ ਪ੍ਰਚੱਲਤਾ ਦਾ ਇਹ ਮਤਲਬ ਨਹੀਂ ਕਿ ਕਲਾਸੀਕਲ ਦੇ ਸਰੋਤੇ ਨਹੀਂ ਹਨ ਸਗੋਂ ਇਹ ਮਤਲਬ ਹੈ ਕਿ ਕਲਾਸੀਕਲ ਦੇ ਗਾਇਕ ਘੱਟ ਹਨ ।

ਪ੍ਰਸ਼ਨ : ਕੀਰਤਨ ਸੰਬੰਧੀ ਜ਼ਿੰਦਗੀ ਦੀ ਕੋਈ ਖਾਸ ਘਟਨਾਂ ?

ਉੱਤਰ : 1973 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹਜ਼ੂਰ ਸਾਹਿਬ ਦਰਸ਼ਨ ਕਰਨ ਲਈ ਆਉਣਾ ਸੀ । ਉਸ ਸਮੇਂ ਰਲ੍ਹਾ ਸਿੰਘ ਮੈਨੇਜਰ ਨੇ ਸਾਨੂੰ ਅੰਮ੍ਰਿਤਸਰ ਤੋਂ ਉੱਥੇ ਸੱਦਿਆ । ਉਨ ਕਿਹਾ ਕਿ ਪ੍ਰਧਾਨ ਮੰਤਰੀ ਦੇ ਆਉਣ ਤੇ ਕੀਰਤਨ ਤੁਸੀਂ ਕਰੋਗੇ ਅਤੇ ਜਦੋਂ ਉਹ ਮੱਥਾ ਟੇਕ ਲੈਣ ਤਾਂ ਜਲਦੀ ਹੀ ਸਮਾਪਤੀ ਕਰ ਦੇਣੀ ਹੈ । ਜਦ ਉਹ ਆ ਕੇ ਬੈਠੇ ਤਾਂ ਅਸੀਂ ਦੋ ਚਾਰ ਮਿੰਟ ਬਾਅਦ ਸਮਾਪਤੀ ਕਰ ਦਿੱਤੀ । ਪ੍ਰਧਾਨ ਮੰਤਰੀ ਨੇ ਕਿਹਾ ਕਿ ਤੁਸੀਂ ਕੀਰਤਨ ਬੰਦ ਕਿਉਂ ਕਰ ਦਿੱਤਾ ਅਸੀਂ ਦੱਸਿਆ ਕਿ, ਸੈਕਟਰੀ ਸਾਹਿਬ ਕਹਿਤੇ ਹੈਂ ਤੁਮੇਂ ਜਲਦੀ ਹੈ । ਉਹਨਾਂ ਕਿਹਾ ਕਿ ਕੋਈ ਜਲਦੀ ਨਹੀਂ, ਤੁਸੀਂ ਕੀਰਤਨ ਕਰੋ । ਫਿਰ ਪ੍ਰਧਾਨ ਮੰਤਰੀ ਨੇ ਇਕ ਘੰਟਾ ਪੈਂਤੀ ਮਿੰਟ ਬੈਠ ਕੇ ਕੀਰਤਨ ਸੁਣਿਆ । ਬਾਅਦ ਵਿੱਚ ਉਹਨਾਂ ਸਪੈਸ਼ਲ ਕਿਹਾ ਕਿ ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਦੱਸਣਾ । ਗੁਰੂ ਦੀ ਕਿਰਪਾ ਨਾਲ ਸਾਡੇ ਲਈ ਉਹ ਖੁਸ਼ੀ ਦਾ ਦਿਨ ਸੀ ।

ਇਸੇ ਤਰ੍ਹਾਂ ਸ੍ਰ: ਪ੍ਰਤਾਪ ਸਿੰਘ ਕੈਰੋਂ ਅਤੇ ਮਾਨ ਯੋਗ ਖੜਕ ਸਿੰਘ ਜੀ ਇਹਨਾਂ ਦੇ ਕੀਤਰਨ ਪ੍ਰਤੀ ਬੜੀ ਦਾਦ ਦਿੰਦੇ ਸਨ । ਗਿ: ਸੰਤ ਸਿੰਘ ਮਸਕੀਨ ਹੁਰਾਂ ਨੇ 1178 ਵਿਚ ਇਟਾਵਾ (ਯੂ. ਪੀ.) ਵਿਖੇ ਗੁਰਮਿਤ ਕਾਨਫਰੰਸ ਸਮੇਂ ਦਸ ਹਜ਼ਾਰ ਸੰਗਤ ਦੀ ਹਾਜ਼ਰੀ ਵਿੱਚ ਆਪ ਨੂੰ ਸੰਗੀਤ ਸਮਰਾਟ ਦਾ ਖਿਤਾਬ ਦਿੱਤਾ । ਇਸੇ ਤਰ੍ਹਾਂ ਪੰਥ ਦੇ ਵਿਦਵਾਨ ਗੰਧਰਬ ਗਾਇਕ ਸ੍ਰੀ ਗਿਆਨ ਸਿੰਘ ਅਲਮਸਤ ਤੇ ਉਹਨਾਂ ਦੇ ਸਪੁੱਤਰ ਨੇ ਗੋਇੰਦਵਾਲ ਸਾਹਿਬ ਵਿਖੇ ਸਾਲਾਨਾ ਕੀਰਤਨ ਦਰਬਾਰ ਸਮੇਂ ਭਾਈ ਸਾਹਿਬ ਨੂੰ 'ਡਾਕਟਰ ਆਫ ਮਿਊਜ਼ਕ' ਦਾ ਖਿਤਾਬ ਦੇ ਕੇ ਨਿਵਾਜਿਆ ।

ਭਾਈ ਸਾਹਿਬ ਉਮਰ ਪਖੋਂ ਛੇ ਦਹਾਕਿਆਂ ਦੇ ਕਰੀਬ ਪਹੁੰਚ ਚੁੱਕੇ ਹਨ ਪਰ ਅਲਾਪ, ਤਾਨਾਂ ਅਤੇ ਗਲੇ ਦੀਆਂ ਮੁਰਕੀਆਂ ਤੋਂ ਇੰਝ ਲੱਗਦਾ ਹੈ ਕਿ ਅਜੇ ਬਜ਼ੁਰਗਾਂ ਵਾਲੀ ਕੋਈ ਗੱਲ ਨਹੀਂ ।

# ਕੀਰਤਨ ਦੀ ਮਹਾਨਤਾ



ਲੇਖਕ

**ਭਾਈ ਕਰਮ ਸਿੰਘ ਰਤਨ**
**ਮੁਰਾਦਾਬਾਦ**

ਸਿੱਖ ਗੁਰੂ ਸਾਹਿਬਾਂ ਨੇ, ਗੁਰ ਸਿੱਖਾਂ ਨੂੰ ਜੋ ਸਭ ਤੋਂ ਅਮੋਲਕ ਤੇ ਵਡਮੁੱਲੀ ਦਾਤ ਬਖਸ਼ੀ ਹੈ, ਉਹ ਹੈ ਕੀਰਤਨ-ਕੀ-ਰਤਨ, ਭਾਵ ਕਿ ਰਤਨ ਵੀ ਕੀ ਚੀਜ਼ ਹੈ, ਯਾਂ ਗੁਰੂ ਕੀ ਕੀਰਤੀ, ਪਰਮਾਤਮਾਂ ਦੀ ਕੀਰਤੀ, ਜੱਸ ਗਾਉਣਾ। ਅਤੇ ਇਹ ਪ੍ਰਮਾਤਮਾਂ ਦੀ ਕੀਰਤੀ, ਜੱਸ ਕਿਨ੍ਹਾਂ ਕਿਨ੍ਹਾਂ ਗ ਇਆ ਹੈ, ਗੁਰੂ ਸਾਹਿਬ ਜੀ ਆਪ ਲਿਖਦੇ ਹਨ; ਪ੍ਰਮਾਤਮਾਂ ਦਾ ਜੱਸ, ਪਵਣ, ਪਾਣੀ, ਅਗਨੀ, ਧਰਮ ਰਾਜ, ਚਿਤ੍ਰ ਗੁਪਤ; ਬ੍ਰਹਮਾ, ਦੇਵੀਆਂ, ਇੰਦ੍ਰ, ਦੇਵਤੇ ਆਦਿ, ਸਿਧ, ਸਾਧ, ਜਤੀ, ਸਤੀ, ਸੰਤੋਖੀ, ਬੜੇ ਬੜੇ ਬੀਰ, ਪੰਡਿਤ ਰਿਖੀ, ਸੁਰਗ ਦੀਆਂ ਮੋਹਣੀਆਂ, ਜੋਧੇ ਮਹਾਬਲੀ ਸੂਰਮੇ, ਅਤੇ ਚਾਰੇ ਖਾਣੀਆਂ, ਸਾਰੇ ਮੰਡਲ ਬ੍ਰਹਮੰਡ, ਉਸ ਵਾਹਿਗੁਰੂ ਪ੍ਰਮੇਸ਼ਰ ਦੀ ਕੀਰਤੀ ਗਾਉਂਦੇ ਹਨ। ਉਹੀ ਪ੍ਰਮੇਸ਼ਰ ਦੀ ਕੀਰਤੀ ਗਾਉਣੀ ਗੁਰੂ ਸਾਹਿਬ ਨੇ ਆਪਣੇ ਗੁਰ ਸਿੱਖਾਂ ਨੂੰ ਬਖਸ਼ੀ ਹੈ। ਸੋ ਇਸੀ ਵਿਸ਼ੇ ਤੇ ਆਪਾਂ ਵੀਚਾਰ ਕਰਨੀ ਹੈ।

ਅਸੀਂ ਪੜ੍ਹਦੇ ਤਾਂ ਜ਼ਰੂਰ ਹਾਂ-ਕੀਰਤਨ ਨਿਰਮੋਲਕ ਹੀਰਾ। ਪਰ ਕਦੇ ਇਹ ਸੋਚਿਆ ਨਹੀਂ ਕਿ ਨਿਰਮੋਲਕ ਹੀਰਾ ਸਤਗੁਰ ਨੇ ਕਿਉਂ ਕਿਹਾ ਹੈ ਇਸ ਨੂੰ। ਸੋ ਇਹ ਹੀ ਵੀਚਾਰ ਕਰਨੀ ਹੈ।

ਪ੍ਰਸਿੱਧ ਸੰਗੀਤ ਕਾਰ ਸ੍ਰੀ ਬੈਜੂ ਬਾਵਰਾ ਜੀ ਨੇ ਇੱਕ ਤੁਕ ਲਿਖੀ ਹੈ ਨਾਦ ਬਿਨੋਦ ਸੰਗੀਤ ਵਿੱਚ. (ਪ੍ਰਥਮ ਆਦ ਨਾਦ ਸ਼ਕਤੀ ਪ੍ਰਮੇਸ਼ਵਰਹ) ਭਾਵ ਕਿ ਸਵਰ ਹੀ ਪਰਮੇਸ਼ਵਰ ਹੈ। ਸੰਗੀਤ ਹੀ ਪਰਮੇਸ਼ਵਰ ਹੈ। ਜਿਵੇਂ ਅਸੀਂ ਸੁਣਿਆ ਹੈ ਤੇ ਪੜ੍ਹਿਆ ਹੈ ਕਿ ਪ੍ਰਮੇਸ਼ਵਰ ਦੇ ਦੋ ਰੂਪ ਹਨ। ਇੱਕ ਨਿਰਗੁਣ ਤੇ ਦੂਜਾ ਸਰਗੁਣ, ਨਿਰਗੁਣ ਦਾ ਅਰਥ ਹੈ ਨਿਰੰਕਾਰ, ਨਿਰਆਕਾਰ ਜੋ ਕਿਸੇ ਰੂਪ ਵਿੱਚ ਜਾਂ ਆਕਾਰ ਵਿਚ ਨਹੀਂ, ਜੋ ਦ੍ਰਿਸ਼ਟੀ 'ਚ ਨਹੀਂ, ਦੇਖਣ ਵਿੱਚ ਨਹੀਂ ਆਉਂਦਾ। ਨਾਮ ਸੁਣਿਆ ਹੈ ਹੈ ਕਿ ਰੱਬ ਹੈ। ਪਰ ਅੱਖਾਂ ਨਾਲ ਨਹੀਂ ਦੇਖਿਆ ਇਸ ਨੂੰ ਕਹਿੰਦੇ ਹਨ ਨਿਰਗੁਣ, ਤੇ ਸਰਗੁਣ ਦਾ ਅਰਥ ਹੈ, ਜਿਸ ਨੂੰ ਅਸੀਂ ਦੇਖ ਸਕਦੇ ਹਾਂ, ਛੋਹ ਸਕਦੇ ਹਾਂ, ਸਪਰਸ਼ ਕਰ ਸਕਦੇ ਹਾਂ, ਮਹਿਸੂਸ

ਕਰ ਸਕਦੇ ਹਾਂ, ਉਸ ਨੂੰ ਕਹਿੰਦੇ ਹਨ ਸਰਗੁਣ, ਜਿਵੇਂ ਕੋਈ ਵਿਅਕਤੀ ਸਾਡੇ ਤੋਂ ਦੂਰ ਹੋਵੇ; ਤਾਂ ਅਸੀਂ ਉਸ ਦਾ ਨਾਮ ਹੀ ਸੁਣ ਸਕਦੇ ਹਾਂ, ਅਤੇ ਸ ਨੂੰ ਯਾਦ ਹੁੰਦਾ ਹੈ ਕਿ ਫਲ ਨੇ ਨਾਮ ਦਾ ਵਿਅ-ਕਤੀ ਹੈ। ਉਹ ਨਿਰਗੁਣ ਰੂਪ ਹੈ, ਅਤੇ ਜਦੋਂ ਓਹੀ ਵਿਅਕਤੀ ਸਾਡੇ ਪਾਸ ਹੋਵੇ, ਅਸੀਂ ਉਸ ਨੂੰ, ਦੇਖ, ਸੁਣ, ਛੋਹ, ਸਪਰਸ਼, ਕਰ ਕਰ ਸਕੀਏ, ਤਾਂ ਉਹ ਸਰਗੁਣ ਸਰੂਪ ਹੈ।

ਸੋ ਪਰਮੇਸ਼ਰ ਦਾ ਸਰਗੁਣ ਹੈ, ਸੰਗੀਤ, ਭਾਵ ਕੇ ਸੂਰ ਹੀ ਪਰਮੇਸ਼ਰ ਹੈ, ਜਿਸ ਨੂੰ ਸੁਣ ਕੇ ਅਸੀਂ ਮਹਿਸੂਸ ਕਰ ਸਕਦੇ ਹਾਂ, ਛੋਹ ਪ੍ਰਾਪਤ ਕਰ ਸਕਦੇ ਹਾਂ। ਜਿਸ ਦੀ ਆਵਾਜ ਸੁਣ ਕੇ ਸ੍ਰਿਸ਼ਟੀ ਦਾ ਕਤਰਾ ਕਤਰਾ ਜੀਵ ਜੀਵ ਝੂਮਣ ਲੱਗ ਪੈਂਦਾ ਹੈ, ਸੋ ਰਾਗ ਸੰਗੀਤ ਹੀ ਪ੍ਰਮੇਸ਼ਵਰ ਦੇ ਪ੍ਰਤੱਖ ਦਰਸ਼ਨ ਹਨ, ਇਸੇ ਲਈ ਸੰਗੀਤਕਾਰਾਂ ਨੇ ਕਿਹਾ ਹੈ ਕੇ ਸੂਰ ਹੀ ਪਰਮੇਸੂਰ ਹੈ।

ਸੰਗੀਤ ਮਨੁੱਖ ਦੀ ਰਗ ਰਗ ਵਿੱਚ ਸਮਾਇਆ ਹੋਇਆ ਹੈ। ਚਰਵਾਹੇ ਆਪਣੇ ਪਸ਼ੂ ਚਰਾਂਦੇ ਹੋਏ ਵੀ ਗਾਉਂਦੇ ਹਨ। ਕਿਸਾਨ ਫਸਲ ਬੀਜਦੇ ਕੱਟਦੇ, ਸਖ਼ਤ ਮਿਹਨਤ ਕਰਦੇ ਹੋਏ ਗਾਂਉਦੇ ਹਨ। ਮਾਂ ਬੱਚੇ ਨੂੰ ਲੋਰੀ ਗਾ ਕੇ ਸਵਾਉਂਦੀ ਹੈ, ਅਤੇ ਪ੍ਰੇਮੀ ਆਪਣੇ ਪ੍ਰੇਮ ਦਾ ਪ੍ਰਗਟਾਵਾ ਗਾ ਕੇ ਕਰਦੇ ਹਨ ਅਤੇ ਸ਼ਰਧਾਲੂ ਤੇ ਭਗਤ ਜਨ ਆਪਣੀ ਪੂਜਾ ਤੇ ਭਗਤੀ ਗਾ ਕੇ ਕਰਦੇ ਹਨ ਅਤੇ ਜੋ ਜੋ ਲੋਕ ਇਸ ਯੋਗਤਾ ਤੋਂ ਵਿਹੀਨ ਹਨ। ਜੋ ਖੁਦ ਨਹੀਂ ਗਾ ਸਕਦੇ। ਉਹ ਲੋਕ ਆਪਣੇ ਰੇਡਿਓ ਜਾਂ ਟ੍ਰਾਂਜਿਸਟਰ ਵਜਾ ਕੇ ਹੀ ਸੰਗੀਤ ਦਾ ਅਨੰਦ ਲੈਂਦੇ ਹਨ। ਆਮ ਤੌਰ ਤੇ ਭਾਰਤੀ ਫਿਲਮਾਂ ਓਹੀ ਸਫਲ ਹੁੰਦੀਆਂ ਨੇ, ਜਿਹਨਾਂ ਵਿਚ ਅਛਾ ਅਤੇ ਮਨੋਰੰਜਕ ਸੰਗੀਤ ਹੋਵੇ ਅਤੇ ਸੰਗੀਤਕ ਫ਼ਿਲਮਾਂ ਨੂੰ ਦਰਸ਼ਕ ਵਾਰ ਵਾਰ ਦੇਖਦੇ ਹਨ।

ਨਾਦ ਬਿਨੋਦ ਸੰਗੀਤ ਵਿੱਚ ਇੱਕ ਪੰਗਤੀ ਸ੍ਰੀ ਬੈਜੂ ਬਾਵਰਾ ਜੀ ਦੀ ਲਿਖੀ ਹੋਈ ਹੈ, (ਸੋ ਹੈਂ ਵਡਭਾਗੀ, ਬਸੇਂ ਰਾਗ ਕੇ ਸੁਹਾਗੀ, ਜੋ ਨਰ ਰਾਗ ਸੇ ਨਾ ਰਾਚੀ, ਸੋ ਅਭਾਗੀ ਹੈਂ ਜ਼ਹਾਨ ਮੇਂ) ਭਾਵ ਕੇ ਜਿਸ ਜੀਵ ਜਾਂ ਜਿਸ ਇਨਸਾਨ ਨੂੰ, ਰਾਗ, ਸੰਗੀਤ, ਦੀ ਜਾਣਕਾਰੀ ਨਹੀਂ, ਜਾਂ ਸੁਣਨ ਤੇ ਗਾਣ ਦੋਹਾਂ ਚੀਜ਼ਾਂ ਦਾ ਗਿਅ ਨ ਨਹੀਂ, ਉਹ ਜਹਾਨ ਤੇ ਮੰਦ ਭਾਗੀ ਹਨ।

ਸਾਮਵੇਦ ਵਿੱਚ ਇੱਕ ਥਾਂ ਤੇ ਜ਼ਿਕਰ ਆਉਂਦਾ ਹੈ ਕਿ ਪ੍ਰਮੇਸ਼ਰ ਨੇ ਜਦੋਂ ਸ੍ਰਿਸਟੀ ਦੀ ਰਚਨਾ ਕੀਤੀ, ਇਸ ਮਨੁੱਖ ਦੀ ਬਣਤਰ ਬਣਾਈ ਤਾਂ ਇਸ ਦੇ ਅੰਦਰ ਜੋ ਆਤਮਾ ਪਾਈ ਸੀ, ਇਹ ਆਤਮਾ ਇਸ ਹੱਡੀਆਂ ਤੇ ਮਾਸ ਦੇ ਬਣੇ ਹੋਏ ਪਿੰਜਰ ਵਿੱਚ ਠਹਿਰਦੀ ਨਹੀਂ ਸੀ। ਸੋ ਇਸ ਲਈ ਜਦੋਂ ਇਸ ਮਨੁੱਖੀ ਆਤਮਾਂ ਨੂੰ ਪ੍ਰਮੇਸ਼ਰ ਨੇ ਆਪਣਾ ਦੂਸਰਾ ਰੂਪ, ਪ੍ਰਤੱਖ ਰੂਪ, ਸਰਗੁਣ ਸਰੂਪ, ਸੰਗੀਤ ਦੇ ਰੂਪ ਵਿੱਚ ਦਰਸ਼ਨ ਦਿੱਤੇ ਤਾਂ ਇਹ ਆਤਮਾਂ ਇਸ ਮਨੁੱਖੀ ਸਰੀਰ ਵਿਚ ਠਹਿਰ ਗਈ। ਇਸ ਲਈ ਮਨੁਖ ਦੀ ਆਤਮਾਂ ਰੱਬ ਦਾ ਹੀ ਇੱਕ ਹਿੱਸਾ ਹੈ, ਇਸ ਲਈ ਮਨੁੱਖੀ ਆਤਮਾਂ ਜਦੋਂ ਸੰਗੀਤ ਰੂਪੀ ਪ੍ਰਮੇਸ਼ਰ ਨਾਲ ਜੁੜ ਜਾਂਦੀ, ਉਦੋਂ ਹੀ (ਦ੍ਵੈ ਤੇ ਇਕ ਰੂਪ ਹੈ ਗਯੋ) ਦੀ ਅਵ-ਸਥਾ ਪ੍ਰਾਪਤ ਹੋ ਜਾਂਦੀ ਹੈ।

ਕਿਉਂ ਕਿ ਪ੍ਰਮਾਤਮਾ ਨੇ ਮਨੁਖ ਨੂੰ ਸਾਰੀ ਸ੍ਰਿਸਟੀ ਤੋਂ ਮਹਾਨ ਬਣਾਉਣਾ ਸੀ ਤਾਂ ਇਹ ਜ਼ਰੂਰੀ ਸੀ, ਕਿ ਇਸ ਮਨੁੱਖ ਦੇ ਅੰਦਰ ਦੂਸਰੇ ਜੀਵਾਂ ਨਾਲੋਂ ਕੋਈ ਵਿਸ਼ੇਸਤਾ ਹੁੰਦੀ। ਜਿਵੇਂ ਬਾਣੀ ਵਿੱਚ

ਜ਼ਿਕਰ ਹੈ (ਇਸ ਧਰਤੀ ਮੈਂ ਤੇਰੀ ਸਿਕਦਾਰੀ । ਅਵਹ ਜੋਨਿ ਤੇਰੀ ਪਨਿਹਾਰੀ) ਤਥਾ-ਚਉਰਾਸੀਹ ਲਖ ਜੂਨ ਵਿੱਚ ਉਤਮ ਜੂਨ ਸੁ ਮਾਣਸ ਦੇਹੀ) ਮਨੁੱਖ ਸਾਰੀ ਧਰਤੀ ਦਾ ਮਾਲਕ ਹੈ, ਸਰਦਾਰ ਹੈ, ਪਰ ਏਹ ਸਾਰੀ ਤਾਕਤ ਪ੍ਰਮਾਤਮਾਂ ਤੋਂ ਲੈਂਦਾ ਹੈ । ਜਿਸ ਤਰ੍ਹਾਂ ਬਲਬ ਕੇਂਦਰ ਨਾਲ ਜੁੜ ਕੇ ਰੌਸ਼ਨੀ ਦਿੰਦਾ ਹੈ ਇਸੇ ਤਰ੍ਹਾਂ ਮਨੁੱਖ ਪ੍ਰਮੇਸ਼ਰ ਨਾਲ ਜੁੜ ਕੇ ਉਸ਼ ਤੋਂ ਗਿਆਨ ਦੀ ਰੌਸ਼ਨੀ ਲੈਂਦਾ ਹੈ । ਅਤੇ ਇਸ ਤਰ੍ਹਾਂ ਮਨੁੱਖ ਨੂੰ ਰਬ ਹੋਂਦ ਦਾ ਗਿਆਨ ਹੁੰਦਾ ਹੈ । ਅਤੇ ਮਨੁੱਖ ਹਰ ਇਕ ਜੀਵ ਨੂੰ ਆਪਣਾ ਹੀ ਇਕ ਹਿੱਸਾ ਸਮਝ ਕੇ, ਨੂੰ ਪਿਆਰ ਕਰਦਾ ਹੈ । ਹਰ ਇਕ ਦਾ ਸਤਿਕਾਰ ਕਰਦਾ ਹੈ ।

ਜਿਤਨੇ ਵੀ ਰਿਸ਼ੀ ਮੁਨੀ ਜਾਂ ਭਗਤ ਜਨ ਹੁੰਦੇ ਸਨ, ਸਭ ਪ੍ਰਮਾਤਮਾਂ ਦੀ ਉਸਤਤ ਗਾ ਕੇ ਹੀ ਭਜਨ ਕਰਦੇ ਸਨ । ਭਗਤੀ ਦਾ ਸਭ ਤੋਂ ਉੱਤਮ ਸਾਧਨ ਪ੍ਰਮੇਸ੍ਰਰ ਦੀ ਉਸਤਤੀ ਗਾ ਕੇ ਉਸ ਨੂੰ ਰਿਝਾਉਣਾ ਹੈ ।

ਸੋ ਗੁਰੂ ਨਾਨਕ ਦੇਵ ਜੀ ਨੇ ਵੀ, ਜੋਗ ਨਹੀਂ ਕੀਤਾ, ਤਪ ਨਹੀਂ ਕੀਤਾ, ਧਿਆਨ ਕੋਈ ਹੋਰ ਨਹੀਂ ਧਾਰਿਆ, ਗੁਰੂ ਨਾਨਕ ਦੇਵ ਜੀ ਨੇ ਸਿਰਫ ਗਾਇਆ, ਸਿਰਫ ਗਾ, ਤੇ ਗਾ ਕੇ ਹੀ ਪਾ ਲਿਆ । ਲੇਕਿਨ ਉਨ੍ਹਾਂ ਨੇ ਇਤਨੇ ਧਿਆਨ ਨਾਲ ਗਾਇਆ, ਪੂਰੇ ਤਾਣ ਨਾਲ, ਪੂਰੇ ਪ੍ਰਾਣ ਨਾਲ ਗਾਇਆ, ਕਿ ਰੱਬ ਦਾ ਗੀਤ ਹੀ ਧਿਆਨ ਹੋ ਗਿਆ, ਗੀਤ ਹੀ ਯੋਗ ਹੋ ਗਿਆ, ਗੀਤ ਹੀ ਜਜ ਹੋ ਗਿਆ, ਗੀਤ ਹੀ ਤਪ ਹੋ ਗਿਆ ।

ਪ੍ਰਮਾਤਮਾ ਦੇ ਰਸਤੇ ਤੇ ਗੁਰੂ ਨਾਨਕ ਨੇ ਗੀਤ ਦੇ ਫੁੱਲ ਹੀ ਵਿਛਾਏ ਨੇ, ਇਸ ਲਈ ਉਹਨਾਂ ਨੇ ਜੋ ਵੀ ਕਿਹਾ ਗਾ ਕੇ ਹੀ ਕਿਹਾ । ਗੁਰੂ ਨਾਨਕ ਦੇਵ ਜੀ ਦਾ ਰਸਤਾ ਬਹੁਤ ਪਿਆਰਾ ਰਸਤਾ ਹੈ, ਬੜਾ ਰਸੀਲਾ ਰਸਤਾ ਹੈ । ਗੁਰੂ ਨਾਨਕ ਜੀ, ਸੰਗੀਤਕਾਰ ਸਨ । ਉਹ ਬੋਲਦੇ ਨਹੀਂ ਗਾਉਂਦੇ ਸਨ । ਗੁਰੂ ਜੀ ਉੱਤਰ ਵੀ ਦੇਂਦੇ ਸਨ, ਤਾਂ ਗਾ ਕੇ ਦੇਂਦੇ ਸਨ । ਅਤੇ ਇਹ ਗੀਤ ਕੋਈ ਬਣਾਏ ਹੋਏ ਗੀਤ ਨਹੀਂ । ਇਹ ਆਪਣੇ ਆਪ ਸਹਿਜ ਅਵਸਥਾਂ ਚੋਂ ਪ੍ਰਗਟ ਹੁੰਦੇ ਹਨ । ਧੁਰ ਤੋਂ ਆਏ ਹਨ (ਇਹ ਧੁਰ ਕੀ ਬਾਣੀ), ਜੇਕਰ ਕਿਸੇ ਨੇ ਕੁੱਝ ਪੁੱਛਿਆ ਤਾਂ, ਗੁਰੂ ਜੀ ਭਾ : ਮਰਦਾਨਾ ਜੀ ਨੂੰ ਇਸ਼ਾਰਾ ਕੀਤਾ, ਤਾਂ ਭ : ਮਰਦਾਨਾ ਜੀ ਰਬਾਬ ਛੇੜਨ ਲਗੇ, ਅਤੇ ਗੁਰੂ ਜੀ ਗੀਤ ਗਾਉਣ ਲੱਗੇ, ਤੇ ਗਾ ਕੇ ਹੀ ਉੱਤਰ ਦਿੱਤਾ । ਕਿਉਂ ਕੇ ਪ੍ਰਮਾਤਮਾ ਦਾ ਪੂਰਾ ਰੂਪ ਹੀ ਗੀਤ ਵਿਚ ਸਮਾ ਗਿਆ, ਗੀਤ ਦੀ ਭਾਸ਼ਾ ਨੂੰ ਸਭ ਸਮਝਦੇ ਹਨ । ਅਤੇ ਜਦੋਂ ਕੋਈ ਵਿਅਕਤੀ ਖੁਦ ਸਮਾਧੀ ਰੂਪ ਹੋ ਜਾਵੇ ਤਾਂ ਉਸ ਦੇ ਸੰਗੀਤ ਦੇ ਅੰਦਰ ਪ੍ਰਮੇਸ਼ਰ ਦਾ ਨਾਦ ਉੱਤਰ ਅਉਂਦਾ ਹੈ । ਸਮਾਧੀ ਵਾਲੇ ਦੀ (ਆਵਾਜ਼) ਪਰਮੇਸ਼ਰ ਦੀ ਅਵਾਜ਼ ਬਣ ਜਾਂਦੀ ਹੈ ।

ਕਿਉਂ ਕਿ ਸੰਗੀਤ ਪ੍ਰਮਾਤਮਾ ਦਾ ਪ੍ਰਤੱਖ ਦਰਸ਼ਨ ਹੈ, ਪ੍ਰਤੱਖ ਰੂਪ ਹੈ, ਇਸ ਕਰਕੇ ਇਸ ਵਿੱਚ ਇਤਨੀ ਸ਼ਕਤੀ ਹੈ, ਖਿੱਚ ਹੈ ਚੁੰਬਕੀ ਸ਼ਕਤੀ ਹੈ, ਕਿ ਇਸ ਦਾ ਅਸਰ ਹਰ ਜੀਵ, ਜਾਨਵਰ, ਬਨਸ-ਪਤੀ, ਲਫ, ਫੁੱਲ ਬੂਟੇ ਤੇ ਹਰ ਇੱਕ ਚੀਜ਼ ਤੇ ਹੁੰਦਾ ਹੈ ।

ਬੰਬਈ ਵਿਚ ਇਕ ਸਰਦਾਰ ਸਾਹਿਬ ਸ੍ਰ: ਹਰਿੰਦਰ ਸਿੰਘ ਸੋਠੀ ਨੇ, ਜਿਹਨਾਂ ਨੇ ਆਪਣੇ ਮਕਾਨ

ਦੀ ਛੱਤ ਦੇ ਉਪਰ ਗਮਲੇ ਲਾ ਕੇ ਬਗੀਚੀ ਬਣਾਈ ਹੋਈ ਹੈ, ਬੰਦਈ ਦੀ ਸਮੁੰਦਰੀ ਆਬੋ ਹਵਾ ਐਸੀ ਹੈ, ਕੇ, ਓਥੋਂ ਦੇ ਬਗੀਚਿਆਂ ਵਿਚ ਫੁੱਲਾਂ ਵਿਚ ਖੁਸ਼ਬੋ ਨਹੀਂ ਹੁੰਦੀ। ਫੁੱਲ ਬਹੁਤ ਖ਼ੂਬਸੂਰਤ ਹੋਣਗੇ, ਲੇਕਿਨ ਖੁਸ਼ਬੂ ਨਹੀਂ ਹੋਵੇਗੀ। ਲੇਕਿਨ ਸਰਦਾਰ ਦੇ ਬਗੀਚੇ ਦੇ ਫੁੱਲਾਂ ਵਿਚ ਖੁਸ਼ਬੂ ਹੁੰਦੀ ਹੈ, ਅਤੇ ਕਈ ਵਾਰ ਫੁੱਲਾਂ ਦੀ ਪ੍ਰਦਰਸ਼ਨੀ ਵਿੱਚ ਸਰਦਾਰ ਸਾਹਿਬ ਨੂੰ ਪੁਰਸਕਾਰ ਵੀ ਮਿਲਿਆ ਹੈ। ਸ: ਹਰਮਿੰਦਰ ਸਿੰਘ ਸੇਠੀ ਨੂੰ ਪੁੱਛਿਆ ਤਾਂ ਉਹਨਾਂ ਦੱਸਿਆ ਕੇ, ਉਹਨਾਂ ਬਗੀਚੀ ਵਿੱਚ ਥਾਂ ਥਾਂ ਤੇ ਸਪੀਕਰ ਲਾਏ ਹੋਏ ਹਨ ਤੇ ਰੋਜ਼ਾਨਾ ਟੇਪ ਰੀਰਾਰਡ ਸੁਣਾਇਆ ਜਾਂਦਾ ਹੈ। ਸੁਬਾ ਅਤੇ ਸ਼ਾਮ ਨੂੰ ਗੁਰਬਾਣੀ ਕੀਰਤਨ ਸੁਣਾਇਆ ਜਾਂਦਾ ਹੈ, ਤੇ ਅੱਗੇ ਪਿੱਛੇ ਸ਼ਾਸ਼ਤ੍ਰੀ ਸੰਗੀਤ ਜਾਂ-ਸਿਤਾਰ ਤੇ ਸੰਗੀਤ ਦੀਆਂ ਟੇਪਾਂ ਸੁਣਾਈਆਂ ਜਾਂਦੀਆਂ ਹਨ। ਅਤੇ ਬਗੀਚੀ ਵਿੱਚ ਜੁੱਤੀ ਪਾ ਕੇ ਨਹੀਂ ਜਾਇਆ ਜਾਂਦਾ। ਇਸ ਕਰਕੇ ਫੁੱਲਾਂ ਵਿਚ ਖੁਸ਼ਬੋ ਹੈ।

ਸੋ ਪਾਠਕ ਜੀ, ਆਪ ਨੇ ਦੇਖਿਆ ਹੋਣਾ ਹੈ, ਕੇ ਛੋਟੇ ਬੱਚੇ ਤੋਂ ਲੈ ਕੇ ਬਿਰਧ ਤਕ ਭਾਵੇਂ ਕਿਸੇ ਨੂੰ ਗਾਉਣਾ ਆਉਂਦਾ ਹੋਵੇ ਜਾਂ ਨਾ। ਪਰ ਹਰ ਕਿਸੇ ਦਾ ਜੀਅ ਕਰਦਾ ਹੈ; ਕਿ ਮੈਂ ਗਾਵਾਂ ਜਾਂ ਗੁਨਗੁਨਾਵਾਂ। ਜ਼ਹਿਰੀਲੇ ਸੱਪ ਵੀ ਜਦੋਂ ਬੀਨ ਵਜਦੀ ਹੈ, ਤਾਂ ਮਸਤ ਹੋ ਕੇ ਝੂਮਣ ਲੱਗ ਪੈਂਦੇ ਹਨ।

ਸੰਗੀਤ ਦੇ ਇਤਿਹਾਸ, ਵਿੱਚ ਖਾਸ ਕਰਕੇ ਤਿੰਨ ਹਸਤੀਆਂ ਐਸੀਆਂ ਹੋਈਆਂ ਹਨ, ਜਿਨ੍ਹਾਂ ਨੂੰ ਸੰਗੀਤ ਦੇ ਅਵਤਾਰ ਕਿਹਾ ਜਾਂਦਾ ਹੈ। ਇਹ ਹਨ । ਸ੍ਰੀ ਕ੍ਰਿਸ਼ਨ ਭਗਵਾਨ, ਤੇ ਗੁਰੂ ਨਾਨਕ ਦੇਵ ਜੀ, ਅਤੇ ਠਾਕੁਰ ਹਰੀਦਾਸ, ਜੋ ਕਿ ਤਾਨਸੈਨ ਤੇ ਬੈਜੂ ਬਾਵਰੇ ਦੇ ਗੁਰੂ ਸਨ। ਜਦੋਂ ਸ੍ਰੀ ਕ੍ਰਿਸ਼ਨ ਭਗਵਾਨ ਜੀ, ਬਾਂਸਰੀ (ਮੁਰਲੀ) ਤੇ ਧੁਨ ਛੇੜਦੇ ਸਨ, ਤਾਂ ਗੋਪੀਆਂ ਤੇ ਗਊਆਂ ਮੁਗਧ ਹੋ ਕੇ ਭੱਜੀਆਂ ਆਉਂਦੀਆਂ ਸਨ। ਤੇ ਮੁਰਲੀ ਦੀ ਸੁਰ ਤੇ ਮੁਗਧ ਹੋ ਕੇ ਗਊਆਂ ਦਾ ਦੁੱਧ ਆਪਣੇ ਆਪ ਥਣਾਂ 'ਚੋਂ ਵਗਣਾ ਸ਼ੁਰੂ ਹੋ ਜਾਂਦਾ ਸੀ। ਅਤੇ ਸ੍ਰੀ ਗੁਰੂ ਨਾਨਕ ਦੇਵ ਜੀ, ਅਤੇ ਠਾਕੁਰ ਹਰੀਦਾਸ ਜੀ, ਜਦੋਂ ਗਾਉਂਦੇ ਸਨ, ਤਾਂ ਜੰਗਲ ਦੇ ਜਾਨਵਰ ਵੀ, ਸ਼ੇਰ, ਚੀਤੇ, ਹਿਰਨ ਆਦਿ ਹਰ ਇਕ ਜੀਵ ਪਸ਼ੂ ਪੰਛੀ, ਸੰਗਤ ਦੇ ਰੂਪ ਵਿਚ ਬੈਠ ਕੇ, ਕੀਰਤਨ (ਸੰਗੀਤ) ਸੁਣਦੇ ਸਨ, ਕਿਉਂ ਜਦੋਂ ਪ੍ਰਤੱਖ ਸੰਗੀਤ ਰੂਪ ਭਗਵਾਨ ਦੇ ਦਰਸ਼ਨ ਉਹਨਾਂ ਨੂੰ ਹੁੰਦੇ ਸਨ। ਤਾਂ ਸਭ ਜੀਵ ਆਪਣਾ ਵੈਰ ਭਾਵ ਭੁਲ ਕੇ ਪਿਆਰ ਨਾਲ ਝੂੰਮਣ ਲੱਗ ਪੈਂਦੇ ਸਨ।

ਸੁਰ ਦਾ ਅਰਥ ਹੈ ਦੇਵਤਾ, ਤੇ ਅਸੁਰ ਦਾ ਅਰਥ ਹੈ ਰਾਖਸ਼ਸ ਜੋ ਇਨਸਾਨ ਸੁਰ ਵਿੱਚ ਗਾਉਂਦੇ ਹਨ। ਉਹ ਦੇਵਤਾ ਸਰੂਪ ਹੁੰਦੇ ਹਨ। ਪ੍ਰਮੇਸ਼ਰ ਦਾ ਰੂਪ ਹੁੰਦੇ ਹਨ। ਅਤੇ ਜੋ ਬੇਸੁਰਾ ਗਾਉਂਦੇ ਹਨ, ਉਹ ਆਸੁਰ ਯਾਨੀ ਕਿ ਰਾਖਸ਼ਸ ਰੂਪ ਹੁੰਦੇ ਹਨ। ਸੁਰ ਅਤੇ ਬੇਸੁਰਾ ਗਾਉਣ ਵਾਲਿਆਂ ਦੇ ਖਿਆਲਾਂ ਵਿਚ ਵੀ ਫਰਕ ਹੁੰਦਾ ਹੈ। ਸੁਰ ਵਿਚ ਗਾਉਣ ਵਾਲੇ ਸੱਜਣ ਦਾ ਮਨ ਪਿਆਰ ਨਾਲ ਭਰਿਆ ਹੋਇਆ ਹੋਵੇਗਾ ਅਤੇ ਉਸ ਦਾ ਖਿਆਲ ਬਹੁਤ ਉੱਚਾ ਹੋਵੇਗਾ। ਅਤੇ ਉਸ ਦੇ ਉਲਟ ਬੇਸੁਰਾ ਗਾਉਣ ਵਾਲੇ ਦੇ ਖ਼ਿਆਲ ਬਹੁਤ ਨੀਵੇਂ ਹੋਣਗੇ, ਅਤੇ ਉਹ ਹੰਕਾਰੀ ਪੁਰਸ਼ ਹੋਵੇਗਾ। ਇਸ ਕਰਕੇ ਗੁਣੀ ਪੁਰਸ਼ ਸਦਾ ਕਹਿੰਦੇ ਹਨ ਕਿ ਸੁਰ ਵਿੱਚ ਗਾਓ, ਕਿਉਂ ਕਿ ਸੰਗੀਤ ਕਾਰਾਂ ਲਿਖਿਆ ਹੈ ਕਿ ਸੁਰ ਪ੍ਰਮੇਸ਼ਵਰ ਹੈ।

# ਗੁਰਬਾਣੀ ਤੇ ਉਸਦਾ ਸੰਗੀਤ

ਬਲਦੇਵ ਸਿੰਘ ਸੁਖਮਨੀ
ਬਰਨਾਲਾ

ਸ੍ਰੀ ਗੁਰੂ ਗਰੰਥ ਸਾਹਿਬ ਦੀ ਕੋਈ ਇੱਕ ਭਾਸ਼ਾ ਹੈ ਇਸ ਬਾਬਤ ਪ੍ਰੋ: ਪਿਆਰਾ ਸਿੰਘ ਪਦਮ ਨੇ ਆਪਣੇ ਲੇਖ 'ਗੁਰੂ ਅਰਜਨ ਤੇ ਸੁਖਮਨੀ' ਵਿੱਚ ਲਿਖਿਆ ਹੈ :—

"ਗੁਰ ਸਾਹਿਬ ਨੇ ਆਪਣੇ ਸਮੇਂ ਕਿਸੇ ਨਾ ਕਿਸੇ ਰੂਪ ਵਿੱਚ ਵਰਤੀ ਜਾਂਦੀ ਹਰ ਭਾਸ਼ਾ ਜਾਂ ਬੋਲੀ ਦੇ ਨਮੂਨੇ ਸੰਭਾਲਣ ਦਾ ਜਤਨ ਕੀਤਾ ਹੈ।"

ਇਸ ਲੇਖਣੀ ਨਾਲ ਉਸਨੇ ਆਮ ਪ੍ਰਚਲਤ ਸੋਚਣੀ ਨੂੰ ਹੀ ਗੁੰਜਾਇਆ ਹੈ ਜੋ ਕਿ ਠੀਕ ਨਹੀਂ । ਜਿਵੇਂ ਕਿ ਅਗਾਹਾਂ ਸਮਝਾਇਆ ਗਿਆ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਮੁਖ ਕਰਕੇ 31 ਰਾਗਾਂ ਵਿਚ ਹੈ । ਹਰ ਗੁਰ ਸ਼ਬਦ ਦੇ ਦੋ ਅਨਿੱਖੜਵੇਂ (Insepaɪ abele) ਭਾਗ ਹਨ, ਪਹਿਲਾ ਹੈ ਉਪਦੇਸ਼ ਤੇ ਦੂਸਰਾ ਉਸਦੀ ਸੰਗੀਤਕ ਸਾਜਨਾ। ਉਪਦੇਸ਼ ਵਿੱਚ ਹਰ ਗੁਰਮੁਖੀ ਲਿਪੀ ਦਾ ਅੱਖਰ ਬਹੁਤ ਹੀ ਧਿਆਨ ਨਾਲ ਉਸਦੀ ਆਪਣੀ ਨਿੱਜੀ ਨਾਦਮੁੱਲ (Sound Value) ਜਾਂਚ ਕੇ ਹੀ ਚੁਣਿਆ ਗਿਆ ਹੈ ਤਾਂ ਕਿ ਉਹ ਜਿਸ ਰਾਗ ਵਿੱਚ ਗੁਰਸ਼ਬਦ ਰਚਿਆ ਗਿਆ ਹੈ ਉਸ ਵਿਚ ਘੱਟ ਤੋਂ ਘੱਟ ਵਿਵਾਦ ਅਤੇ ਵੱਧ ਤੋਂ ਵੱਧ ਸਮਵਾਦ ਪੈਦਾ ਕਰੇ । ਇਸ ਲਈ ਵਾਧੂ ਅਖਰ ਓ, ਅ ਤੇ ੲ ਅਤੇ ਵਿਸ਼ੇਸ਼ ਕਰਕੇ ਦੋ ਲਗਾਂ 'ਿ' ਤੇ '-' ਭੀ ਵਰਤੇ ਗਏ ਹਨ ਤਾਂਕਿ ਉਹ ਲੱਭੀਂਦੇ ਅਰਥ ਵੱਲ ਹਿੰਦੋਸਤਾਨ ਵਿੱਚ ਕਿਸੇ ਨਾ ਕਿਸੇ ਵਰਤੀ ਜਾਂਦੀ ਭਾਸ਼ਾ ਵੱਲ ਸੰਕੇਤ ਕਰ ਦੇਵੇ । ਇਸ ਲਈ ਗੁਰਬਾਣੀ ਦਾ ਅਧਿਐਨ ਕਰਨ ਸਮੇਂ ਸ਼ਬਦਾਂ ਨੂੰ ਕੇਵਲ ਸੂਚਕ (ਇਸ਼ਾਰਾ ਕਰਨ ਵਾਲੇ) ਹੀ ਸਮਝਣਾ ਚਾਹੀਦਾ ਹੈ ਨਾ ਕਿ ਬੁਨਿਆਦੀ, ਜਿਨ੍ਹਾਂ ਦੇ ਅਰਥ ਭਾਸ਼ਾਈ ਕੋਸ਼ ਵਿਚੋਂ ਹੀ ਲੱਭਣੇ ਹੋਣ ਅਤੇ ਉਸ ਸ਼ਬਦ ਤੋਂ ਜਿਸ ਤੋਂ ਇਸ ਨੂੰ ਪੈਦਾ ਕੀਤਾ ਹੋਇਆ ਖਿਆਲ ਕੀਤਾ ਜਾਂਦਾ ਹੈ।

ਪ੍ਰੋ: ਤਾਰਾ ਸਿੰਘ ਆਪਣੀ ਕਿਤਾਬ 'ਸ੍ਰੀ ਗੁਰ ਤੇਗ ਬਹਾਦਰ ਰਾਗ ਰਤਨਾਵਲੀ' ਦੀ ਭੂਮਿਕਾ ਵਿੱਚ ਲਿਖਦਾ ਹੈ ।

ਮੇਰੇ ਵਰਗੇ ਅਲਪਗ ਜੀਵਾਂ ਲਈ ਜਿਨ੍ਹਾਂ ਨੇ ਕੇਵਲ ਸੱਤ ਅੱਖਰੀ ਵਰਣ ਮਾਲਾ (ਸਾ ਰੇ ਗ ਮ ਪ ਧ ਨੀ) ਹੀ ਥੋੜ੍ਹੀ ਬਹੁਤੀ ਪੜ੍ਹੀ ਹੈ ਉਨ੍ਹਾਂ ਲਈ ਉਸ ਮਹਾਂਬਲੀ ਅਤੇ ਸੰਗੀਤ ਦੇ ਸਰਬ ਕਲਾ ਸੰਪੂੰਨ ਗੁਰੂ ਤੇਗ ਬਹਾਦਰ ਜੀ ਨੇ ਸੱਤਾਂ ਸੁਰਾਂ ਦੀ ਸੀਮਾ ਵਿੱਚ ਰਹਿੰਦਿਆ ਕਿਨਾ ਵਿਸ਼ਾਲ

ਭੰਡਾਰ ਸੁਤੇ ਸਿੱਧ ਹੀ ਬਾਣੀ ਵਿੱਚ ਬਖਸ਼ਿਆ ਹੈ । ਗੁਰੂ ਜੀ ਦੀ ਬਾਣੀ ਪੜ੍ਹਨ ਤਾਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਪੂਰੀ ਤੁਕ ਵਿਚ 'ਸ ਰ ਗ ਮ' ਗੁੰਦ ਕੇ ਰੱਖ ਦਿੱਤੀ ਹੈ । ਬਾਣੀ ਵਿਚੋਂ ਸੱਤਾਂ ਸੁਰਾਂ ਦੇ ਅੰਸ਼ ਇਸ ਤਰ੍ਹਾਂ ਹਨ :

ਸਾ ਧੋ ਰਾ ਮ ਸ ਰ ਨਿ ਬਿ ਸ ਰਾ ਮਾ

ਸੁੰ ਦ ਰ ਨਾ ਰੀ, ਸ ਰ ਨਿ ਪ ਰ ਰੇ,

ਨਾ ਨਾ ਰੂ ਪ ਧ ਰੇ, ਪਰ ਦਾ ਦਾਰਾ ਨਿੰਦਿਆ ਰ ਸ,

ਮਾ ਈ ਮਨ ਮੇ ਰੋ, ਰੇ ਮ ਨ ਰਾਮ,

ਸ ਸਿ ਮ ਰ ਨ ਹ ਪ ਰ ਤ ਪ ਰੀ ।

ਨੋਟ :—ਇਹ ਕੁਝ ਚੁਣਵੇਂ ਉਦਾਹਰਣਾ ਵਜੋਂ ਹੀ ਹਨ ।

ਇਸ ਲੇਖਕ ਨੇ ਇਹ ਮੁਆਮਲਾ ਪ੍ਰੋ: ਤਾਰਾ ਸਿੰਘ ਦੇ ਧਿਆਨ ਗੋਚਰ ਹੇਠ ਲਿਖੇ ਸਵਾਲ ਨਾਲ ਲਿਆਂਦਾ :

ਜਦੋਂ ਕਿ ਉਦਾਹਰਣ ਦਿੱਤੇ ਅੱਖਰ ਸੰਗੀਤਕ ਬੰਦਸ਼ਾ (Notations) ਸੁਰ-ਲਿਪੀ ਵਿੱਚ ਤਾਂ ਕੀ ਅਸੀਂ ਇਸ ਗੱਲ ਤੋਂ ਮੁਨਕਰ ਹੋ ਸਕਦੇ ਹਾਂ ਕਿ ਬਾਕੀ ਗੁਰਬਾਣੀ ਭੀ ਸੰਗੀਤਕ ਬੰਦਸ਼ ਵਿੱਚ ਹੈ ?

ਜਵਾਬ ਸੀ-ਨਹੀਂ ! ਬਿਲਕੁਲ ਨਹੀਂ !!

ਅੱਗੇ ਚਲ ਕੇ ਪ੍ਰੋ: ਤਾਰਾ ਸਿੰਘ ਲਿਖਦਾ ਹੈ :

"ਇਹ ਇਨਸਾਨੀ ਕਿਰਤ ਨਹੀ ! ਇਸ ਨੂੰ ਰੱਬੀ ਕਿਰਤ ਜਾਂ ਅਨੁਭਵੀ ਰੂਪ ਦਾ ਪ੍ਰਕਾਸ਼ ਹੀ ਆਖਿਆ ਜਾ ਸਕਦਾ ਹੈ ।"

ਭਾਵ ਉਪਦੇਸ਼ ਤੇ ਰਾਗਾਂ ਦਾ ਇਤਨਾ ਸੁੰਦਰ ਸੁਰੀਲਾ (ਸੰਗੀਤਕ) ਸੁਮੇਲ ਆਪਣੀ ਰਚੀ ਗੁਣਬਾਣੀ ਵਿੱਚ ਕਰਕੇ, ਗੁਰੂ ਸਾਹਿਬਾਨ ਨੇ ਇੱਕ ਅਸੰਭਵ ਕੰਮ ਨੂੰ ਸੰਭਵ ਕਰਕੇ ਦੁਨੀਆ ਦੇ ਇਤਹਾਸ ਵਿੱਚ ਅਪਣੀ ਅਮਰ ਮੋਹਰ ਛਾਪ ਛੱਡੀ ਹੋਈ ਹੈ ।

ਇਸ ਸਾਰੀ ਵਿਚਾਰ ਨੂੰ ਸਰਲ ਰੂਪ ਵਿੱਚ ਇਹ ਸਮਝੋ ਕਿ ਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਉਪਦੇਸ਼ ਦੇ ਨਾਲ ਨਾਲ ਹੀ ਉਸਦੇ ਰਾਗ ਦੀ ਸੁਰ-ਲਿਪੀ ਗੁਰਮੁਖੀ ਅਖਰਾਂ ਵਿੱਚ ਦਿੱਤੀ ਹੋਈ ਹੈ । ਇਹ ਉਪਦੇਸ਼ ਕਿਸੇ ਇਕ ਖਾਸ ਭਾਸ਼ਾ ਵਿਚ ਨਹੀਂ ਹੈ ਪਰ ਉਹ ਹਿੰਦੁਸਤਾਨ ਵਿੱਚ ਉਸ ਵੇਲੇ ਦੀਆਂ ਭਾਸ਼ਾਵਾਂ ਵਿੱਚ ਕਿਸੇ ਨਾ ਕਿਸੇ ਵਰਤੀਂਦੇ ਸ਼ਬਦ ਦੇ ਭਾਵ ਅਰਥ ਬਾਬਤ ਕੇਵਲ ਸੂਚਕ (ਇਸ਼ਾਰਾ ਕਰਨ ਵਾਲੇ) ਹੀ ਸਮਝਣਾ ਚਾਹੀਦਾ ਹੈ ।

ਜਦੋਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਇੱਕ ਵਿਸੇਸ਼ ਭਾਸ਼ਾ ਵਿੱਚ ਨਹੀਂ ਤਾਂ ਇਸ ਦਾ ਵਿਆਕਰਣ ਲੋਚਣਾ ਜਾਂ ਸਮਝਣਾ ਭੀ ਠੀਕ ਨਹੀਂ ।

ਇਸ ਗੁਰਬਾਣੀ ਵਿੱਚ ਜੋ ਲਗਾਂ ਮਾਤਰਾਂ ਵੇਖਣ ਵਿੱਚ ਆਉਂਦੀਆਂ ਹਨ ਉਹ ਭੀ ਉਸ ਦੇ ਨਿਰਧਾਰਤ ਰਾਗ ਦੀ ਸੁਰ-ਲਿਪੀ (Notation) ਦਾ ਹੀ ਭਾਗ ਹਨ ਜਿਨ੍ਹਾਂ ਬਾਬਤ ਵਿਦਵਾਨ ਸੰਗੀਤਕਾਰਾਂ ਨੂੰ ਖੋਜ ਕਰਕੇ ਸਪੱਸ਼ਟ ਨਿਰਣਾ ਲੈਣਾ ਹੋਵੇਗਾ । ਜੇ ਇਹ ਖੋਜ ਇਹ ਕੰਮ ਬੈਸਾਖੀ 1999 AD ਤੋਂ ਪਹਿਲਾਂ ਹੀ ਕਰ ਲਿਆ ਜਾਵੇ ਤਾਂ ਬਹੁਤ ਹੀ ਚੰਗਾ ਹੋਵੇਗਾ ।

# ਭਾਈ ਵੀਰ ਸਿੰਘ ਜੀ ਰਾਗੀ

ਪ੍ਰੋ: ਰਣਜੀਤ ਸਿੰਘ

ਮਾਲਵੇ ਦੀ ਇਸ ਪਾਵਨ ਧਰਤੀ ਨੂੰ ਉੱਚ ਵਿਅਕਤੀ ਸੰਤ ਰਾਗੀ ਪੈਦਾ ਕਰਨ ਦਾ ਵਿਸ਼ੇਸ਼ ਮਾਣ ਪ੍ਰਾਪਤ ਹੈ। ਇੱਥੇ ਠਾਕੁਰ ਸੁਧਾ ਸਿੰਘ, ਸੰਤ ਮੰਗਲ ਸਿੰਘ, ਸੰਤ ਅਤਰ ਸਿੰਘ, ਬਾਬਾ ਨੰਦ ਸਿੰਘ ਜੀ ਹੋਏ ਹਨ। ਇੰਨ੍ਹਾਂ ਮਹਾਪੁਰਸ਼ਾ ਨੂੰ ਦੇਸ਼ ਪ੍ਰਦੇਸ਼ ਵਿੱਚ ਬੜੇ ਸਤਿਕਾਰ ਨਾਲ ਜਾਣਿਆਂ ਜਾਂਦਾ ਹੈ।

ਮਾਲਵੇ ਵਿੱਚ ਹੀ ਗੁਰਦੁਆਰਾ ਵੱਡਾ ਡੇਰਾ ਦਾਉਧਰ ਇੱਕ ਤਰਾਂ ਦਾ ਰਾਗ ਵਿੱਦਿਆ ਦਾ ਘਰ ਹੈ ਜਿਸ ਦੀ ਬੁਨਿਆਦ ਨਿਰਮਲੇ ਠਾਕੁਰ ਸੰਤ ਸੁਧਾ ਸਿੰਘ ਜੀ ਹੋਰਾਂ ਰੱਖੀ ਇਸੇ ਗੱਦੀ ਦੀ ਸੇਵਾ ਸੰਭਾਲ ਦਾ ਕੰਮ ਸੰਤ ਰਾਗੀ ਵੀਰ ਸਿੰਘ ਜੀ ਨੂੰ ਠਾਕਰਾਂ ਨੇ ਸੰਗਤਾਂ ਦੀ ਭਰਪੂਰ ਹਾਜਰੀ ਵਿੱਚ ਸੌਂਪਿਆ ਭਾਵ ਡੇਰੇ ਦੀ ਪੱਗ ਰਾਗੀ ਜੀ ਨੂੰ ਦਿੱਤੀ ਤੇ ਇਹਨਾਂ ਨੇ ਇਥੇ ਰਾਗ ਵਿਦਿਆਲੇ ਦੀ ਨੀਂਹ ਰੱਖੀ।

ਰਾਗੀ ਵੀਰ ਸਿੰਘ ਜੀ ਦਾ ਜਨਮ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 1802 ਦੇ ਨੇੜੇ ਦਾ ਹੈ। ਪੂਰਾ ਵੇਰਵਾ ਖੋਜ ਅਧੀਨ ਹੈ। ਇੰਨ੍ਹਾਂ ਦਾ ਜਨਮ ਨਾਨਕਾ ਪਿੰਡ ਬੁੱਟਰ, ਮਾਤਾ ਭਾਗ ਕੌਰ ਜੀ ਦੀ ਕੁਖੋਂ ਹੋਇਆ। ਬੁੱਟਰ, ਦਾਉਧਰ ਤੋਂ ਤਿੰਨ ਮੀਲ ਦੀ ਵਿੱਥ ਤੇ ਹੈ, ਪਿਤਾ ਸ੍ਰ: ਜਿਉਣ ਸਿੰਘ ਆਪਣਾ ਪਿੰਡ ਚੀਮਨੇ ਛੱਡ ਕੇ ਇੱਥੇ ਆ ਵੱਸੇ ਸਨ। ਕਿਉਂ ਕਿ ਮਾਤਾ ਭਾਗ ਕੌਰ ਨੂੰ ਪਿਤਾ ਨੇ ਜ਼ਮੀਨ ਦਿੱਤੀ ਹੋਈ ਸੀ, ਜਿਸ ਦੀ ਸੰਭਾਲ ਸ੍ਰ: ਜਿਉਣ ਸਿੰਘ ਕਰਦੇ ਸਨ। ਭਾਈ ਵੀਰ ਸਿੰਘ ਹੋਰਾਂ ਨੂੰ ਰਾਗ ਦੀ ਗੁੜ੍ਹਤੀ ਆਪਣੇ ਨਾਨਕਿਆਂ ਤੋਂ ਮਿਲੀ, ਇੰਨ੍ਹਾਂ ਦੇ ਨਾਨਾ ਸ੍ਰ: ਮਾਣਾ ਸਿੰਘ, ਮਾਮਾ ਸ੍ਰ: ਗਿਆਨ ਸਿੰਘ ਆਪਣੇ ਸਮੇਂ ਦੇ ਚੰਗੇ ਕੀਰਤਨ ਕਰਨ ਵਾਲੇ ਸਨ। ਇੰਨ੍ਹਾਂ ਦੀ ਰਾਗ ਵਿੱਦਿਆ ਦਾ ਮੁੱਢ ਤਲਵੰਡੀ ਧਰਪਦ ਘਰਾਣੇ ਤੋਂ ਸੀ। ਵੀਰ ਸਿੰਘ ਦੀ ਰੁਚੀ ਵੇਖਦਿਆਂ ਨਾਨਾ ਜੀ ਨੇ ਬਚਪਨ ਤੋਂ ਹੀ ਰਾਗ ਦੀ ਤਾਲੀਮ ਦੇਣੀ ਸ਼ੁਰੂ ਕਰ ਦਿੱਤੀ। ਥੋੜ੍ਹੇ ਸਮੇਂ ਵਿੱਚ ਰਾਗ ਦੀ ਵਿੱਦਿਆ ਤੋਂ ਚੰਗੇ ਜਾਣੂ ਹੋ ਗਏ ਅਤੇ ਨਾਨੇ ਤੇ ਮਾਮੇ ਨਾਲ ਕੀਰਤਨ ਦੀ ਚੌਂਕੀ ਕਰਵਾਉਣ ਲੱਗ ਪਏ, ਸੰਗਤਾਂ ਦਾ ਭਰਪੂਰ ਅਸ਼ੀਰਵਾਦ ਮਿਲਿਆ ਅਤੇ ਹੋਰ ਡੱਟ ਕੇ ਮਿਹਨਤ ਕਰਨ ਲੱਗ ਪਏ।

ਸੰਤ ਹੀਰਾ ਸਿੰਘ ਠਾਕਰਾਂ ਦੇ ਸੇਵਕ ਇਸੇ ਪਿੰਡ ਬੁੱਟਰ ਵਿੱਚ ਟਿਕੇ ਹੋਏ ਸਨ, ਜੋ ਸਵੇਰ ਸ਼ਾਮ ਕਥਾ ਕੀਰਤਨ ਦਾ ਪ੍ਰਵਾਹ ਚਲਾ ਰਹੇ ਸਨ ਅਤੇ ਨਾਲ ਹੀ ਬੱਚਿਆਂ ਨੂੰ ਗੁਰਮੁਖੀ ਤੇ

ਧਾਰਮਿਕ ਵਿਦਿਆ ਵੀ ਦਿੰਦੇ ਸਨ । ਭਾਈ ਮਾਣਾ ਸਿੰਘ ਨੇ ਬਾਲਕ ਵੀਰ ਸਿੰਘ ਨੂੰ ਇਨ੍ਹਾਂ ਕੋਲ ਪੜ੍ਹਨ ਪਾ ਦਿੱਤਾ । ਤੀਖਣ ਬੁਧੀ ਬਾਲਕ ਨੇ ਥੋੜੇ ਸਮੇਂ ਵਿੱਚ ਪੰਜ ਗ੍ਰੰਥੀ, ਦਸ ਪਾਤਸ਼ਾਹੀਆਂ ਦੇ ਜੀਵਨ ਦੀ ਜਾਣਕਾਰੀ ਪ੍ਰਾਪਤ ਕਰ ਲਈ, ਜਿਸ ਤੇ ਸੰਤ ਹੀਰਾ ਸਿੰਘ ਅਤੀ ਪ੍ਰਸੰਨ ਹੋਏ । ਵੀਰ ਸਿੰਘ ਜੀ ਘਰ ਦੇ ਤਰਖਾਣਾ ਕੰਮ ਵਿੱਚ ਵੀ ਉਨੀ ਦਿਲਚਸਪੀ ਲੈਂਦੇ ਹਨ ਜਿੰਨੀ ਪੜ੍ਹਨ ਵਿੱਚ ।

ਹਰ ਸਾਲ ਦੀ ਤਰ੍ਹਾਂ ਸੰਤ ਸੁਧਾ ਸਿੰਘ ਜੀ ਠਾਕਰ ਪਿੰਡ ਬੁੱਟਰ ਆਏ, ਪੂਰੇ ਸੱਤ ਦਿਨ ਇਥੇ ਰਹੇ । ਦੋਨੋ ਵਕਤ ਮਾਮੇ ਅਤੇ ਨਾਨੇ ਜੀ ਸਮੇਤ ਭਾਈ ਵੀਰ ਸਿੰਘ ਕੀਰਤਨ ਕਰਕੇ ਸੰਗਤਾਂ ਦੀ ਅਤੇ ਸੰਤਾਂ ਦੀ ਪ੍ਰਸੰਨਤਾ ਲੈਂਦੇ ਰਹੇ । ਖੂਬ ਕੀਰਤਨ ਦੀਆਂ ਝੜੀਆਂ ਲੱਗੀਆਂ । ਸੰਤ ਹੀਰਾ ਸਿੰਘ ਹੋਰਾਂ ਬਾਲਕ ਵੀਰ ਸਿੰਘ ਦੀ ਉਪਮਾਂ ਵਿਚੋਂ ਠਾਕਰਾਂ ਨੂੰ ਬਚਨ ਕੀਤੇ, ਕਿ ਚੰਗਾਂ ਸੂਝ ਵਾਲਾ ਕੀਰਤਨੀਆਂ ਵਿਚਵਾਨ ਬਣੇਗਾ । ਠਾਕਰ ਤਾਂ ਵੀਰ ਸਿੰਘ ਤੇ ਅੱਗੇ ਹੀ ਨਿਹਾਲ ਨਿਹਾਲ ਸਨ । ਸੰਤ ਹੀਰਾ ਸਿੰਘ ਦਾ ਕਹਿਣਾ ਸੋਨੇ ਤੇ ਸੁਹਾਗੇ ਵਾਲੀ ਗੱਲ ਸੀ ।ਤੁਰਨ ਲੱਗਿਆ ਠਾਕਰਾਂ ਭਾਈ ਵੀਰ ਸਿੰਘ ਦੇ ਪਿਤਾ ਜੀਉਣ ਸਿੰਘ ਨੂੰ ਆਖਿਆ, ਭਾਈ ਇਹ ਬਾਲਕ ਤਾਂ ਤੁਸੀਂ ਸਾਨੂੰ ਦੇ ਦੇਵੋ ਅਤੇ ਨਾਲ ਹੀ ਇਹ ਬਚਨ ਕੀਤਾ ਕਿ ਇਹ ਬੜਾ ਵਿਦਵਾਨ ਗੰਧਰਬ ਰਾਗੀ ਬਣਕੇ ਸੰਸਾਰ ਪ੍ਰਸਿਧ ਹੋਵੇਗਾ । ਭਾਈ ਜੀਉਣ ਸਿੰਘ ਹੋਰਾਂ ਨੇ ਸੰਤਾਂ ਨੂੰ ਆਖਿਆ, ਮਹਾਰਾਜ ਜਿਵੇਂ ਆਪ ਦੀ ਇੱਛਾ ।

ਬੁੱਟਰ ਤੋਂ ਭਾਈ ਵੀਰ ਸਿੰਘ ਠਾਕਰਾਂ ਨਾਲ ਦਾਉਧਰ ਆ ਗਏ । ਇਥੇ ਰਾਗੀ ਹੀਰਾ ਸਿੰਘ ਸੰਘੇੜੇ ਵਾਲੇ ਜੋ ਰਿਆਸਤ ਵਿਚ ਗਾਉਣ ਦੀ ਪਦਵੀ ਤੇ ਨਿਯੁਕਤ ਸਨ, ਪਾਸੋਂ ਠਾਕਰਾਂ ਨੇ ਰਾਗ ਦੀ ਵਿਦਿਆ ਸਿਖਣ ਲਈ ਲਾ ਦਿਤਾ । ਇਹ ਵੀ ਤਲਵੰਡੀ ਘਰਾਣੇ ਨਾਲ ਸਬੰਧਤ ਸਨ । ਕੁਝ ਸਮੇਂ ਬਾਅਦ ਰਾਗੀ ਗੁਰਮੁਖ ਸਿੰਘ ਜੋ ਭਾਈ ਚੰਦ ਅੰਮ੍ਰਿਤਸਰ ਵਾਲਿਆਂ ਦੇ ਸ਼ਗਿਰਦ ਹਨ, ਠਾਕਰਾਂ ਪਾਸ ਆ ਠਹਿਰੇ ਤਾਂ ਭਾਈ ਵੀਰ ਸਿੰਘ ਦੀ ਸਿਖਲਾਈ ਇਨ੍ਹਾਂ ਪਾਸ ਸ਼ੁਰੂ ਹੋ ਗਈ । ਭਾਈ ਗੁਰਮੁਖ ਸਿੰਘ ਵਿੱਦਿਆ ਵਿੱਚ ਭਰਪੂਰ ਗੁਣੀ ਸੱਜਣ ਹਨ । ਇਹ ਅੱਖਾਂ ਤੋਂ ਮਨਾਖੇ ਸਨ । ਠਾਕੁਰਾਂ ਇਨ੍ਹਾਂ ਦੀ ਸੇਵਾ ਸੰਭਾਲ ਦਾ ਸਾਰਾ ਜਿੰਮਾਂ ਲੈ ਕੇ ਵੀਰ ਸਿੰਘ ਨੂੰ ਸਿਖਾਉਣ ਖਾਤਰ ਆਪਣੇ ਪਾਸ ਠਹਿਰਾ ਲਿਆ । ਇਸ ਤਰ੍ਹਾਂ ਰਾਗ ਦਾ ਬੀਜ ਬੋਇਆ, ਪੁੰਗਰਿਆਂ ਤੇ ਵੀਰ ਸਿੰਘ ਦੀ ਕਮ ਈ ਸਿਰੇ ਚੜ੍ਹੀ ਤੇ ਤਾ ਦਾ ਉਧਰ ਡੇਰੇ ਵਿੱਚ ਰਾਗ ਪ੍ਰਚਲਤ ਹੋਇਆ ।

ਭਾਈ ਵੀਰ ਸਿੰਘ ਹੋਰਾਂ ਗਿਆਨੀ ਕਾਬਲਾ ਸਿੰਘ ਜੀ ਤੋਂ ਭਾਸ਼ਾ ਦੇ ਗ੍ਰੰਥ, ਸਾਰ, ਕਤ ਬਲੀ ਗਿਆਨ ਰਤਨਾਵਲੀ, ਵਿਚਾਰ ਸਾਗਰ ਗਰੰਥ ਪੜੇ, ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਅਰਥ ਬੋਧ ਕੀਤਾ । ਇਸ ਮਿਹਨਤ ਦਾ ਸਦਕਾ ਰਾਗੀ ਜੀ ਚੋਟੀ ਦੇ ਕਥਾਕਾਰ ਅਤੇ ਕੀਰਤਨੀਏ ਸਿੱਧ ਹੋਏ । ਇਨ੍ਹਾਂ ਦੀ ਵਿੱਦਿਆ ਤੋਂ ਪ੍ਰਸੰਨ ਹੋ ਕੇ ਠਾਕਰਾਂ ਨੇ ਭਾਈ ਵੀਰ ਸਿੰਘ ਜੀ ਨੂੰ ਸਮੂੰਹ ਸੰਗ ਤੇ ਇਕੱਠ ਵਿੱਚ ਡੇਰੇ ਦੀ ਸੌਪਣਾ ਕੀਤੀ ਤੇ ਸਮੂੰਹ ਸਿੱਖ ਨੂੰ ਬਚਨ ਕੀਤਾ ਕਿ ਭਾਈ ਅਸੀਂ

ਵਿਹ ਚੀਜ਼ ਰਾਗ ਦੀ ਭੇਟਾ ਕੀ-ੀ ਹੈ। ਇਸ ਪਿੰਡ ਵਿੱਚ ਦਰਬਾਰ ਬਣੇਗਾ; ਧਾਮਾਂ ਵੱਜੇਗਾ, ਕੀਰਤਨ ਹੋਵੇਗਾ, ਗੁਰੂ ਕਾ ਲੰਗਰ ਅਤੇ ਵਿੱਦਿਆਲਾ ਖੁਲ੍ਹੇਗਾ।

ਭ ਈ ਗੁਰਮੁਖ ਸਿੰਘ ਜੋ ਭਾਈ ਚੰਦ ਅੰਮ੍ਰਿਤਸਰ ਵਾਲਿਆਂ ਦੇ ਸ਼ਗਿਰਦ ਸਨ ਤੇ ਰਾਗ ਵਿੱਦਿਆ ਵਿੱਚ ਅਤੀ-ਪ੍ਰਵੀਣ ਸਨ ਉਨ੍ਹਾਂ ਨੂੰ ਠਾਕਰਾਂ ਨੇ ਉਨ੍ਹਾਂ ਦੀ ਮਨ ਇੱਛਾ ਪੂਰੀ ਕਰਦਿਆਂ ਵੀਰ ਸਿੰਘ ਨੂੰ ਸਖਾਉਣ ਲਈ ਆਪਣੇ ਪਾਸ ਟਿਕਾ ਲਿਆ ਤੇ ਰਾਗ ਦਾ ਬੀਜਿਆ ਬੀਜ ਪੁੰਗਰਿਆ ਤੇ ਭਾਈ ਵੀਰ ਸਿੰਘ ਦੀ ਕਮਾਈ ਸਿਰੇ ਚੜੀ ਤੇ ਦਾਉਧਰ ਡੇਰੇ ਵਿੱਚ ਰਾਗ ਪ੍ਰਚਲਿਤ ਹੋਇਆ। ਇਨ੍ਹਾਂ ਦਿਨਾਂ ਵਿੱਚ ਸਿੱਖ ਕੇ ਸਿੰਘਾ ਵਾਲੇ ਜਠੇਰ, ਅਖਾੜੇ ਕੀਰਤਨ ਦਾ ਪ੍ਰਵਾਹ ਚਲਾਉਣ ਲੱਗੇ। ਇਸ ਤਰ੍ਹਾਂ ਮਾਲਵੇ ਵਿੱਚ ਰਾਗ ਦੇ ਤਿੰਨ ਕੇਂਦਰ ਬਣ ਗਏ।

ਰਾਗੀ, ਸੰਤ ਭਾਈ ਵੀਰ ਸਿੰਘ ਹੋਰਾਂ ਅਨੇਕਾਂ ਵਿਦਿਆਰਥੀ ਤਿਆਰ ਕੀਤੇ ਜਿੰਨਾਂ ਦੇ ਨਾਮ ਇਸ ਪ੍ਰਕਾਰ ਹਨ ਭਾਈ ਭੋਲਾ ਸਿੰਘ, ਭਾਈ ਸੁੱਚਾ ਸਿੰਘ, ਭਾਈ ਸ਼ਾਮ ਸਿੰਘ, ਬਾਬਾ ਖੁਸ਼ਹਾਲ ਸਿੰਘ, ਭਾਈ ਪਰੇਮ ਸਿੰਘ ਆਦਿ ਇਸ ਤਰ੍ਹਾਂ ਰਾਗੀ ਜੀ ਨੇ ਦਾਉਧਰ ਦੀ ਟਕਸਾਲ ਪ੍ਰਣਾਲੀ ਨੂੰ ਠਾਕਰ ਦੇ ਕਥਨ ਅਨੁਸਾਰ ਚਲਾਇਆ। ਅੱਜ ਦੇਸ਼ ਪ੍ਰਦੇਸ਼ ਵਿੱਚ ਇੰਨਾ ਸੂਰਮੇ ਕੀਰਤਨੀਆਂ ਦੀ ਧਾਂਕ ਦਾਉਧਰ ਦੀ ਟਕਸਾਲ ਕਰਕੇ ਜਾਣੀ ਜਾਂਦੀ ਹੈ।

●

# ਭਾਈ ਸੰਤਾ ਸਿੰਘ ਕੰਵਲ



ਗਿਆਨੀ ਗੁਰਨਾਮ ਸਿੰਘ
ਸੋਹਾਣਾ

ਭਾਈ ਸਾਹਿਬ ਭਾਈ ਸੰਤਾ ਸਿੰਘ ਜੀ ਕੰਵਲ ਮੰਨੇ ਪ੍ਰਮੰਨੇ ਉੱਘੇ ਰਾਗੀ ਹੋ ਗੁਜ਼ਰੇ ਹਨ । ਆਪ ਜੀ ਦਾ ਜਨਮ 1905 ਵਿੱਚ ਸ੍ਰ: ਬਘੇਲ ਸਿੰਘ ਜੀ ਦੇ ਘਰ ਪਿੰਡ ਭੈਣੀ ਸਾਹਿਬ (ਨਾਮਧਾਰੀਆਂ) ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ । ਆਪ ਜੀ ਜਮਾਂਦਰੂ ਹੀ ਨੇਤਰਹੀਣ ਸਨ । ਆਪ ਜੀ ਨੂੰ ਪੰਜ ਸਾਲ ਦੀ ਉਮਰ ਵਿਚ ਭਾਈ ਸਾਹਿਬ ਸਿੰਘ ਲਾਟੋਂ ਵਾਲਿਆਂ ਪਾਸ ਸੰਗੀਤ ਵਿੱਦਿਆ ਸਿੱਖਣ ਲਈ ਛੱਡਿਆ । ਉਸ ਤੋਂ ਬਾਅਦ ਭਾਈ ਚੰਨਣ ਸਿੰਘ ਜੋ ਨਾਮਧਾਰੀ ਦਰਬਾਰ ਵਿੱਚ ਕੀਰਤਨ ਕਰਦੇ ਸਨ, ਉਨ੍ਹਾਂ ਤੋਂ ਵੀ ਆਪ ਜੀ ਨੇ ਸੰਗੀਤ ਵਿੱਦਿਆ ਸਿੱਖੀ । ਉਸ ਤੋ ਬਾਅਦ ਭਾਈ ਰਾਮ ਸਿੰਘ ਚਮਿੰਡੇ ਵਾਲਿਆਂ ਤੋਂ ਰਾਗ ਵਿੱਦਿਆ ਸਿੱਖੀ ।

ਬਾਅਦ ਵਿਚ ਭਾਈ ਸਾਹਿਬ ਨੇ ਆਪ ਆਪਣੇ ਤੌਰ ਤੇ ਸ੍ਰ: ਗੁਰਬਖਸ਼ ਸਿੰਘ (ਘੜੀ ਸਾਜ਼) ਲੁਧਿਆਣੇ ਵਾਲਿਆਂ ਨੂੰ ਸੰਗੀਤ ਦਾ ਗੁਰੂ ਧਾਰਨ ਕਰਕੇ ਇਲਾਹਾਬਾਦ ਯੂਨੀਵਰਸਿਟੀ ਤੋਂ ਵੋਕਲ ਦੀ ਐਮ. ਏ, ਕੀਤੀ ਅਤੇ ਤਬਲੇ ਦੀ ਐਮ. ਏ. ਕੀਤੀ ।

1930 ਤੱਕ ਆਪ ਗੁਰਮਤਿ ਦੇ ਪ੍ਰਸਿੱਧ ਸੰਗੀਤਕਾਰ ਬਣਕੇ ਪਹਿਲੀ ਵਾਰ ਗੁਰਦੁਆਰਾ ਬਾਰਾਂਦਰੀ (ਰਾਵਲ ਪਿੰਡੀ) ਪਾਕਿਸਤਾਨ ਵਿੱਚ ਹੈੱਡ ਰਾਗੀ ਦੇ ਤੌਰ ਤੇ ਨਿਯੁੱਕਤ ਹੋ ਗਏ । ਦੋ ਸਾਲ ਬਾਅਦ ਨਿਰੰਕਾਰੀ ਦਰਬਾਰ ਰਾਵਲ ਪਿੰਡੀ ਚਲੇ ਗਏ । ਦੋ ਸਾਲ ਤੋਂ ਬਾਅਦ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਹੈੱਡ ਰਾਗੀ ਨਿਯੁਕਤ ਹੋ ਗਏ । ਸਾਲ ਬਾਅਦ ਹੀ ਲਾਹੌਰ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਚਲੇ ਗਏ । 1940 ਤੋਂ 1947 ਤੱਕ ਗੁਰਦੁਆਰਾ ਪੰਜਾ ਸਾਹਿਬ ਰਹੇ । ਬਟਵਾਰੇ ਤੋਂ ਬਾਅਦ ਭਾਰਤ ਆ ਕੇ ਗੁਰਦੁਆਰਾ ਸੀਸ ਗੰਜ ਦਿੱਲੀ ਗਏ । 1952 ਵਿੱਚ ਸ੍ਰੀ ਦਰਬਾਰ ਸਾਹਿਬ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਪ੍ਰਬੰਧ ਹੇਠ ਬਤੌਰ ਹੈੱਡ ਰਾਗੀ ਦੇ ਨਿਯੁਕਤ ਹੋ

ਗਏ । 1960 ਵਿੱਚ ਗੁਰਦੁਆਰਾ ਦੁਖ ਨਿਵਾਰਨ ਪਟਿਆਲਾ ਅਤੇ 1964 ਵਿਚ ਸ਼੍ਰੋਮਣੀ ਕਮੇਟੀ ਦੀ ਸੇਵਾ ਛੱਡ ਕੇ ਗੁ: ਸਿੰਘ ਸਭਾ ਦਾਦਰ ਬੰਬਈ ਚਲੇ ਗਏ । 1966 ਵਿੱਚ ਗੁ: ਸਿੰਘ ਸਭਾ ਸੈਕਟਰ 19 ਚੰਡੀਗੜ੍ਹ ਲੱਗ ਗਏ । ਬਾਦ ਵਿੱਚ 1970 ਵਿਚ ਗਿਆਨ ਸਿੰਘ ਏਬਟਾਬਾਦ ਵਾਲਿਆਂ ਨੇ ਭਾਈ ਸਾਹਿਬ ਨੂੰ ਫਿਰ ਸੀਸ ਗੰਜ ਸਾਹਿਬ ਨਿਯੁਕਤ ਕਰ ਦਿੱਤਾ ਜਿੱਥੇ ਆਪ ਜੀ 1983 ਵਿਚ ਸੁਰਗਵਾਸ ਹੋ ਗਏ ।

ਵੱਡੇ ਵੱਡੇ ਤਾਲਾਂ ਵਿਚ ਆਪ ਸਹਿਜੇ ਹੀ ਕੀਰਤਨ ਕਰ ਲੈਂਦੇ ਸਨ। ਜਿਵੇਂ 19 ਮਾਤਰਾ 17, 15, 13, $27\frac{1}{2}$ ਮਾਤਰਾ ਆਦਿ। ਭਾਈ ਸਾਹਿਬ ਆਪਣੀਆਂ ਸੰਗੀਤਕ ਬੰਦਸ਼ਾਂ ਬਹੁਤ ਚੰਗੀਆਂ ਬੰਨ੍ਹਦੇ ਸਨ । ਅਸੀਂ ਉਹਨਾਂ ਦੀਆਂ ਕੁਝ ਕੈਸਟਾਂ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ । ਆਪ ਜੀ ਨੇ ਸਾਰੀ ਜ਼ਿੰਦਗੀ ਦਿਲਰੁਬਾ, ਵਾਇਲਨ, ਤਬਲੇ ਅਤੇ ਹਰਮੋਨਿਮ ਨਾਲ ਕੀਰਤਨ ਕੀਤਾ ਹੈ। ਆਪ ਜੀ ਦੇ ਸ਼ਗਿਰਦਾਂ ਵਿਚੋਂ ਭਾਈ ਅਮਰੀਕ ਸਿੰਘ ਜ਼ਖਮੀ, ਸਪੁੱਤਰ ਧਰਮ ਸਿੰਘ ਜੀ ਜ਼ਖਮੀ ਭਾਈ ਗੁਰਬਖਸ਼ ਸਿੰਘ ਸ਼ੇਰੇ ਪੰਜਾਬ ਦਿੱਲੀ, ਭਾਈ ਗੁਰਦੇਵ ਸਿੰਘ ਗਜੇਵਾਲ ਅਤੇ ਭਾਈ ਲਾਲ ਸਿੰਘ ਮਸ਼ਹੂਰ ਹਨ।

★

# ਸੰਗੀਤ ਵਿਚ ਸੁਰ ਅਤੇ ਸਪਤਕ

ਭਾਈ ਕੁਲਵੰਤ ਸਿੰਘ ਚੰਦਨ

ਸੰਗੀਤ ਦਾ ਮੂਲ-ਭੂਤ ਉਤਪਾਦਕ ਸੁਰ ਹੈ । ਸੰਗੀਤ ਹਮੇਸ਼ਾਂ ਸੁਰ ਤੇ ਅਧਾਰਿਤ ਹੁੰਦਾ ਹੈ । ਸੁਰ ਉਹ ਨਾਦ ਹੈ, ਜੋ ਰੰਜਕ ਹੋਵੇ ਅਤੇ ਜਿਸਦਾ ਦੂਸਰੇ ਨਾਦਾਂ ਵਿੱਚ ਵਿਸ਼ੇਸ਼ ਅਸਥਾਨ ਹੋਵੇ । ਕੇਵਲ ਨਾਦ ਦੇ ਰੰਜਕ ਹੋਣ ਨਾਲ ਉਹ ਨਾਦ ਸੁਰ ਨਹੀਂ ਬਣ ਸਕਦਾ । ਸੁਰ ਕਹਾਉਣ ਲਈ ਉਸਦਾ ਦੂਸਰੇ ਨਾਦਾਂ ਜਾਂ ਅਵਾਜ਼ਾਂ ਨਾਲ ਸੰਬੰਧ ਹੋਣਾ ਲਾਜ਼ਮੀ ਹੈ। ਸੁਰ ਦੀ ਹੋਂਦ ਜਾਂ ਸੱਤਾ ਦੂਸਰੇ ਸੁਰਾਂ ਤੋਂ ਅਲਗ ਨਹੀਂ ਹੋ ਸਕਦੀ ਕੋਈ ਆਵਾਜ਼ ਨੂੰ ਰਿਖਭ ਜਾਂ ਗੰਧਾਰ ਜਾਂ ਮਧਿਅਮ ਤਾਂ ਹੀ ਕਿਹਾ ਸਕਦਾ ਹੈ ਜੇ ਸ਼ੜਜ (ਖੜਜ) ਦੀ ਸੱਤਾ (ਹੋਂਦ) ਸਾਡੇ ਮਨ ਵਿੱਚ ਸਥਿਰ ਹੋ ਜਾਵੇ ।

ਅਸੀਂ ਮੂਲ ਸੁਰ ਨੂੰ 'ਸੜਜ' ਜਾਂ 'ਸਾ' ਆਖਦੇ ਹਾਂ । ਸੰਗੀਤ ਸਮੇਂ ਕੋਈ ਨਾ ਕੋਈ ਮੂਲ ਸੁਰ ਕਾਇਮ ਕਰਨਾ ਪੈਂਦਾ ਹੈ । ਭਾਵੇਂ ਉਹ ਉੱਚਾ ਹੋਵੇ ਜਾਂ ਨੀਵਾਂ । ਉਹ ਹਰੇਕ ਮਨੁਖ ਲਈ ਅਲਗ-ਅਲਗ ਹੋ ਸਕਦਾ ਹੈ । ਅਤੇ ਇਸ ਨੂੰ ਪਹਿਲਾਂ ਕਾਇਮ ਕਰਨਾ ਜ਼ਰੂਰੀ ਹੁੰਦਾ ਹੈ । ਇਸੇ ਸੁਰ ਦੇ ਅਧਾਰ ਤੇ ਅਸੀਂ ਕਿਸੇ ਰਾਗ ਦਾ ਸਰੂਪ ਕਾਇਮ ਕਰ ਸਕਦੇ ਹਾਂ, ਗੀਤ ਗਾ ਸਕਦੇ ਹਾਂ, ਧੁਨ ਵਜਾ ਸਕਦੇ ਹਾਂ । ਇਸੇ ਸੁਰ ਨੂੰ 'ਸਥਾਈ' ਜਾਂ 'ਸਥਿਰ' ਰਹਿਣ ਵਾਲਾਂ ਸੁਰ ਆਖਦੇ ਹਨ । 'ਸ਼ੜਜ' ਇਸ ਨਾਮ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਦਾ ਸਬੰਧ ਸਪਤਕ ਦੇ ਦੂਸਰੇ ਛੇ ਸੁਰਾਂ ਨਾਲ ਹਮੇਸ਼ਾ ਬਣਿਆ ਰਹਿੰਦਾ ਹੈ । ਦੱਤਿਲ ਨਾਮ ਦੇ ਪ੍ਰਾਚੀਨ ਸੰਗੀਤਕਾਰ ਨੇ 'ਸ਼ੜਜ' ਸੁਰ ਨੂੰ ਕਾਇਮ ਕਰਨ ਬਾਰੇ ਸਲੋਕ ਲਿਖਿਆ ਹੈ---"ਸ਼ੜਜਤਵੇਨ ਗ੍ਰਿਹਿਤੋ ਯਾ ਸ਼ੜਜਗ੍ਰਾਮੇ ਧਵਨੀਭ੍ਰਵੇਤ" ।

---ਭਾਵ ਸ਼ੜਜ ਦੇ ਰੂਪ ਵਿੱਚ ਜੋ ਅਵਾਜ਼ ਕਲਪਨਾ ਰਾਹੀਂ ਸਥਿਰ ਕੀਤੀ ਜਾਂਦੀ ਹੈ, ਉਹੀ ਸ਼ੁੱਧ ਸਪਤਕ ਦਾ ਮੂਲ-ਭੂਤ ਸੁਰ ਹੁੰਦੀ ਹੈ ਅਤੇ ਉਸ ਦੇ ਅਨੁਸਾਰ ਬਾਕੀ ਸੁਰਾਂ ਦਾ ਨਿਰਣਾ ਲਿਆ ਜਾਂਦਾ ਹੈ।

ਇਥੇ ਇਹ ਦੱਸ ਦੇਣਾ ਵੀ ਲਾਜ਼ਮੀ ਹੈ ਕਿ ਸੁਰ ਸ਼ਰੂਤੀਆਂ ਤੋਂ ਬਣਦੇ ਹਨ । 'ਸ਼ਰੂ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਸ਼ਰੂ ਦਾ ਅਰਥ ਹੈ 'ਸੁਣਨਾ' ਤੇ ਸ਼ਰੂਤੀ ਦਾ ਅਰਥ ਹੋਵੇਗਾ ਸੁਣਿਆ ਹੋਇਆ । ਜੋ ਅਵਾਜ਼ ਕੰਨਾਂ ਨੂੰ ਸੁਣਾਈ ਦੇਵੇ ਉਹ ਸ਼ਰੂਤੀ ਹੈ, ਪਰ ਅਵਾਜ਼ ਵੀ ਦੋ ਤਰ੍ਹਾਂ ਦੀ ਹੁੰਦੀ ਹੈ । ਇਕ ਤਾਂ ਕੋਲਾਹਲ ਜਾਂ ਸ਼ੋਰਸ਼ਰਾਬਾ ਦੂਸਰੀ ਸੰਗੀਤ-ਉਪਯੋਗੀ । ਤੇ ਜੋ ਆਵਾਜ਼ ਕੇਵਲ

ਸੰਗੀਤ ਉਪਯੋਗੀ ਹੋਵੇ ਉਸ ਨੂੰ 'ਸ਼ਰੁਤੀ' ਆਖਦੇ ਹਨ। ਸ਼ਰੁਤੀਆਂ ਅਨਗਿਣਤ ਹਨ ਪਰ ਸੰਗੀਤ ਵਿੱਚ ਲੋੜ ਅਨੁਸਾਰ ਇੱਕ ਸਪਤਕ ਵਿੱਚ ਕੇਵਲ 22 ਸ਼ਰੁਤੀਆਂ ਹੀ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕੰਪਨ ਆਦਿ ਨੂੰ ਵਿਗਿਆਨਕ ਤਰੀਕਿਆਂ ਨਾਲ ਮਾਪ ਕੇ, ਇਨ੍ਹਾਂ ਦੇ ਫਾਸਲੇ ਨੀਯਤ ਕਰਕੇ ਉਨ੍ਹਾਂ ਵਿਚੋਂ ਸੱਤ ਸੁਰ ਬਣਾਏ ਗਏ ਹਨ। ਇਨ੍ਹਾਂ ਸੁਰਾਂ ਦੇ ਪੂਰੇ ਨਾਮ ਹਨ—ਸ਼ੜਜ, ਰਿਖਭ, ਗੰਧਾਰ, ਮਧਿਅਮ, ਪੰਚਮ, ਧੈਵਤ, ਨਿਸ਼ਾਦ। ਤੇ ਇਨ੍ਹਾਂ ਦੇ ਛੋਟੇ ਦੂਸਰੇ ਨਾਮ ਜੋ ਆਮ ਪ੍ਰਚਲਿਤ ਹਨ ਉਹ ਹਨ—ਸਾ ਰੇ ਗਾ ਮਾ ਪਾ ਧਾ ਨੀ। ਇਹ ਸੱਤ ਸੁਰ ਕਹਾਉਂਦੇ ਹਨ। ਇਨ੍ਹਾਂ ਸੱਤਾਂ ਸੁਰਾਂ ਦੇ ਸਮੂਹ ਨੂੰ ਹੀ ਸਪਤਕ ਆਖਦੇ ਹਨ। ਇਨ੍ਹਾਂ ਸੱਤਾਂ ਸੁਰਾਂ ਵਿਚੋਂ ਦੋ ਸੁਰ 'ਸਾ' ਅਤੇ 'ਪਾ' ਅਚਲ ਅਖਵਾਉਂਦੇ ਹਨ, ਯਾਨੀ ਅਪਨੀ ਜਗ੍ਹਾ ਦੇ ਸਿਥਰ ਰਹਿੰਦੇ ਹਨ। ਬਾਕੀ ਪੰਜ ਸੁਰ ਚਲ ਸੁਰ ਅਖਵਾਉਂਦੇ ਹਨ। ਇਨ੍ਹਾਂ ਦੇ ਦੋ ਰੂਪ ਹਨ, ਉਹ ਇਸ ਤਰ੍ਹਾਂ ਕਿ ਰੇ, ਗਾ, ਧਾ ਅਤੇ ਨੀ ਸੁਰ ਆਪਣੇ-ਆਪਣੇ ਸ਼ੁੱਧ ਅਸਥਾਨ ਤੋਂ ਜੇ ਇਕ ਸੁਰ ਨੀਵੇਂ ਹੋ ਜਾਣ ਤਾਂ ਕੋਮਲ ਸੁਰ ਅਖਵਾਉਂਦੇ ਅਤੇ 'ਮਾ' ਸੁਰ ਆਪਣੇ ਸ਼ੁੱਧ ਅਸਥਾਨ ਤੋਂ ਜੇ ਇਕ ਸੁਰ ਉਚਾ ਹੋ ਜਾਵੇ ਤਾਂ ਤੀਬਰ ਮਾਂ ਅਖ-ਵਾਉਂਦਾ ਹੈ। ਇਸ ਤਰ੍ਹਾਂ ਸੁਰ ਦੇ ਇਹ ਤਿੰਨੇ ਰੂਪ ਮਿਲਾ ਕੇ ਸਪਤਕ ਵਿੱਚ ਕੁੱਲ 12 ਸੁਰ ਬਣਦੇ ਹਨ। ਇਹ 12 ਸੁਰ ਹੀ ਸੰਗੀਤ ਦੇ ਅੰਦਰ ਵਰਤੋਂ ਵਿਚ ਲਿਆਂਦੇ ਜਾਂਦੇ ਹਨ ਤੇ ਇਨ੍ਹਾਂ ਵਿਚੋਂ ਹੀ ਸੰਗੀਤ ਵਿੱਚ ਸਾਰੇ ਰਾਗ ਉਪਜਦੇ ਹਨ ਜੋ ਇਕ ਅਦਭੁੱਤ ਕ੍ਰਿਸ਼ਮਾ ਹੈ।

# ਰਾਗ ਹੰਸ ਧੁਨੀ

ਪ੍ਰੋ: ਜੀ. ਐਸ. ਸਹਿਗਲ

ਹੰਸ ਧੁਨੀ ਦੱਖਣੀ ਭਾਰਤ ਦਾ ਇੱਕ ਬਹੁਤ ਹੀ ਪ੍ਰਚਲਿਤ ਹਰਮਨ ਪਿਆਰਾ ਮੱਧੁਰ ਰਾਗ ਹੈ। ਇਸ ਰਾਗ ਦੀ ਮੱਧੁਰਤਾ ਅਤੇ ਸੁਹਜਮਈ ਪ੍ਰਕਿਰਤੀ ਤੋਂ ਉੱਤਰੀ ਭਾਰਤ ਦੇ ਸੰਗੀਤਕਾਰ ਵੀ ਬਹੁਤ ਪ੍ਰਭਾਵਤ ਹੋਏ ਹਨ, ਜਿਸ ਕਰਕੇ ਉੱਤਰੀ ਭਾਰਤ ਵਿੱਚ ਵੀ ਇਹ ਰਾਗ ਬਹੁਤ ਪ੍ਰਚਲਿਤ ਹੋ ਗਿਆ ਹੈ। ਭੂਪਾਲੀ ਰਾਗ ਦੀ ਤਰ੍ਹਾਂ ਇਹ ਰਾਗ ਵੀ ਬਹੁਤ ਹੀ ਸਰਲ ਹੈ ਅਤੇ ਇਸ ਵਿੱਚ ਵੀ ਭੂਪਾਲੀ ਦੀ ਤਰ੍ਹਾਂ ਪੰਜ ਸ਼ੁੱਧ ਸੁਰ ਲਗਦੇ ਹਨ, ਪਰ ਜਿਥੇ ਭੂਪਾਲੀ ਵਿੱਚ ਮਧਿਅਮ (ਮ) ਅਤੇ ਨਿਸ਼ਾਦ (ਨੀ) ਵਰਜਿਤ ਹਨ ਉਥੇ ਹੰਸ ਧੁਨੀ ਵਿੱਚ ਮਧਿਅਮ ਅਤੇ ਧੈਵਤ (ਧ) ਵਰਜਿਤ ਹਨ। ਭਾਵੇਂ ਇਹ ਰਾਗ ਸਰਲ ਜਿਹਾ ਹੈ ਪਰ ਇਸ ਵਿਚ ਖ਼ੂਬਸੂਰਤੀ ਪੈਦਾ ਕਰਨਾ ਕਿਸੇ ਪ੍ਰਬੀਨ ਤੇ ਕੁਸ਼ਲ ਸੰਗੀਤਕਾਰ ਦਾ ਹੀ ਕਮਾਲ ਕਿਹਾ ਜਾ ਸਕਦਾ ਹੈ।

ਭਾਰਤ ਦੇ ਬਹੁਤ ਸਾਰੇ ਪ੍ਰਸਿੱਧ ਸੰਗੀਤਕਾਰਾਂ ਨੇ ਇਸ ਰਾਗ ਨੂੰ ਆਪਣੀ ਆਪਣੀ ਸਮਰੱਥਾ ਅਨੁਸਾਰ ਪੇਸ਼ ਕਰਨ ਦਾ ਜਤਨ ਕੀਤਾ ਹੈ। ਜੇ ਤੁਸੀਂ ਇਸ ਰਾਗ ਦਾ ਅਸਲੀ ਅਨੰਦ ਮਾਣਨਾ, ਚਾਹੁੰਦੇ ਹੋ ਤਾਂ ਉਸਤਾਦ ਅਮੀਰ ਖਾਂ ਸਾਹਿਬ ਦਾ ਇਸ ਰਾਗ ਵਿਚ ਗਾਇਆ ਹੋਇਆ ਤਰਾਨਾ ਸੁਣੋ, ਤੁਹਾਨੂੰ ਆਪ ਹੀ ਇਸ ਰਾਗ ਦੀ ਮੱਧੁਰਤਾ ਅਤੇ ਵਿਲੱਖਣਤਾ ਦਾ ਅਹਿਸਾਸ ਹੋ ਜਾਵੇਗਾ। ਅੱਜ ਕਲ੍ਹ ਪੰਡਿਤ ਹਰੀ ਪ੍ਰਸਾਦ ਚੁਰੱਸੀਆ ਆਪਣੀ ਬੰਸਰੀ ਉੱਤੇ ਇਸ ਰਾਗ ਨੂੰ ਬੜੇ ਹੀ ਅਨੂਠੇ ਢੰਗ ਨਾਲ ਪੇਸ਼ ਕਰਦੇ ਹਨ। ਹਰੀ ਪ੍ਰਸਾਦ ਚੁਰੱਸੀਆ ਤੋਂ ਬੰਸਰੀ ਤੇ ਹੰਸ ਧੁਨੀ ਸੁਣ ਕੇ ਸ੍ਰੋਤੇ ਮੰਤਰ ਮੁਗਧ ਜਿਹੇ ਹੋ ਜਾਂਦੇ ਹਨ।

ਹੰਸ ਧੁਨੀ ਰਾਗ ਵਿੱਚ ਰਿਖਭ (ਰੇ) ਸੁਰ ਦੀ ਵਿਸ਼ੇਸ਼ ਮਹੱਤਤਾ ਹੈ। ਵਾਰ ਵਾਰ 'ਰੇ' ਦਾ ਉਚਾਰਣ ਕਰਨ ਨਾਲ ਇਸ ਰਾਗ ਦਾ ਸਰੂਪ ਸਪੱਸ਼ਟ ਹੁੰਦਾ ਹੈ। ਵਿਸ਼ੇਸ਼ ਤੌਰ ਤੇ, ਨੀ ਰੇ, ਸਾ ਰੇ, ਗਾ ਰੇ. ਪਾ ਗਾ ਰੇ, ਪਾ ਰੇ ਆਦਿ, ਸੁਰ-ਸੰਗਤੀਆਂ ਇਸ ਰਾਗ ਨੂੰ ਉਭਾਰਦੀਆਂ ਹਨ। ਇਸ ਰਾਗ ਦਾ ਪਰੀਚੈ ਨਿਮਨ ਲਿਖਤ ਅਨੁਸਾਰ ਹੈ :—

ਆਰੋਹ :— ਸਾ ਰੇ ਗਾ ਪਾ ਨੀ ਸਾਂ

ਅਵਰੋਹ :— ਸਾਂ ਨੀ ਪਾ ਗਾ ਰੇ ਸਾ

ਜਾਤੀ :— ਓਡਵ-ਓਡਵ

ਵਰਜਿਤ ਸੁਰ :— ਮਾ, ਧੀ

ਥ ਟ— ਬਿਲਾਵਲ

ਵਾਦੀ :—ਗ ਸੰਵਾਦੀ—ਨੀ

ਅਲਾਪ :— ਸਾ, ਸਾ ਨ਼ੀ ਰੇ, ਨਾ ਨ਼ੀ ਸਾ ਰੇ,
ਸਾ ਨ਼ੀ ਪ਼ਾ ਨ਼ੀ ਸਾ ਰੇ ਸਾ ਨ਼ੀ ਸਾ ਰੇ ਸਾ
ਗ ਰੇ, ਪਾ ਰੇ, ਗਾ ਰੇ, ਸਾ ਨ਼ੀ ਪ਼ਾ ਨੀ ਸਾਰੇ
ਗ ਰੇ, ਗ ਪ ਗ ਰੇ ਪਾ ਗਾ ਰੇ, ਸਾ ਨ਼ੀ ਰੇ,
ਪ਼ ਨੀ ਸਾ ਰੇ ਗ ਰੇ ਨ਼ੀ ਸਾ।

'ਦਾਦਰ' ਤਾਲ ਵਿੱਚ ਇਸ ਰਾਗ ਦੀ ਸਰਗਮ

| 1 | 2 | 3 | 4 | 5 | 6 |
|---|---|---|---|---|---|
| ਸਾ | ਰੇ | ਗ | ਪਾ | ਨੀ | ਸਾਂ |
| ਸਾਂ | ਨੀ | ਪਾ | ਗ | ਰੇ | ਸਾ |
| ਸਾਰੇ | ਗਾਪਾ | ਨੀਸਾਂ | ਸਾਂਨੀ | ਪਾਗਾ | ਰੇਸਾ |
| ਸਾਰੇ | ਗਰੇ | ਗਾਪਾ | ਗਾਰੇ | ਗਾਪਾ | ਨ਼ੀਸਾ |
| ਨੀਪਾ | ਗਾਪਾ | ਗਰੇ | ਸਾਰੇ | ਗਾਰੇ | ਨ਼ੀਸਾ |

ਹੇਠਾਂ ਫਰੀਦ ਜੀ ਦਾ ਇਕ ਸ਼ਲੋਕ ਹੰਸ ਧੁਨੀ ਰਾਗ ਵਿੱਚ ਦਿੱਤਾ ਜਾ ਰਿਹਾ ਹੈ।
ਸਲੋਕ ਹੈ—

'ਜੋਬਨ ਜਾਂਦੇ ਨ ਡਰਾਂ, ਜੇ ਸਹ ਪ੍ਰੀਤ ਨ ਜਾਇ।
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕ ਗਏ ਕੁਮਲਾਇ। (ਪੰਨਾ ਸ੍ਰੀ ਗੁਰੂ ਗਰੰਥ 137)

ਸਥਾਈ ਤਾਲ ਦਾਦਰਾ ਮਧ ਲੈਅ

| + | | | o | | | ●+ | | | o | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 1 | 2 | 3 | 4 | 5 | 6 |
| ਗ | ਗ | ਗ | ਗ | ਸਾ | ਰੇ | ਗ | ਗ | — | ਗ | ਰੇ | — |
| ਜੋ | ਬ | ਨ | ਜਾਂ | ਦੇ | s | ਨ | s | s | ਡ | ਰਾਂ | s |
| ਪ਼ | ਪ਼ | ਪ਼ | ਨ਼ੀ | ਸਾ | ਗ | ਰੇ | — | — | ਸਾ | — | — |
| ਜੇ | ਸ | ਹੁ | ਪ੍ਰੀ | ਤ | ਨ | ਜਾ | s | s | ਇ | s | s |

## ਅੰਤਰਾ

| + | | | o | | | + | | | o | | (ਫਰੀਦਾ) |
|---|---|---|---|---|---|---|---|---|---|---|---|
| 1 | 2 | 3 | 4 | 5 | 6 | 1 | 2 | 3 | 4 | 5 | 6 |
| ਸਗ | ਪਾ | ਸਾਂ | ਨੀ | ਨੀ | ਨੀ | ਪਾ | ਗ | ਸਾ | ਗ | ਰੇ | — |
| 29s | ਤੀ | s | ਜੋ | ਬ | ਨ | ਪ੍ਰੀ | ਤਿ | s | ਬਿ | ਨ | s |
| ਪ਼ | ਪ਼ | ਪ਼ | ਨ਼ੀ | ਸ | ਗ | ਰੇ | — | — | ਸਾ | — | — |
| ਸੂ | ਕ | ਗ | ਏ | ਕ | ਮ | ਲਾ | s | s | ਇ | s | s |

# ਰਾਗ ਬਿਲਾਵਲ

ਸ੍ਰ. ਹਰਿਭਜਨ ਸਿੰਘ ਚੋਪੜਾ

ਇਹ ਬਿਲਾਵਲ ਥਾਟ ਦਾ ਮੁੱਖ ਰਾਗ ਹੈ। ਇਸ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਇਸ ਵਿੱਚ ਸਾਰੇ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ 'ਧਾ' ਅਤੇ ਸੰਵਾਦੀ ਸੁਰ 'ਗ' ਹੈ। ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

**ਆਰੋਹੀ** – ਸ ਰੇ ਗ ਮ ਪ ਧ ਨੀ ਸੰ

**ਅਵਰੋਹੀ**—ਸੰ ਨੀ ਧ ਪਾ ਮ ਗ ਰੇ ਸ

**ਪਕੜ**—ਗ ਰੇ, ਗ ਪ, ਧ, ਨੀ ਸੰ

## ਬਿਲਾਵਲੁ ਮਹਲਾ ਪੰਜਵਾਂ

ਮੂ ਲਾਲਨ ਸਿਉ ਪ੍ਰੀਤ ਬਨੀ ॥ ਰਹਾਉ ॥
ਤੋਰੀ ਨ ਤੁਟੈ, ਛੋਰੀ ਨ ਛੁਟੈ ਐਸੀ ਮਾਧੋ ਖਿੰਚ ਤਨੀ ॥1॥
ਦਿਨਸੁ ਰੈਨਿ ਮਨ ਮਾਹਿ ਬਸਤ ਹੈ, ਤੂ ਕਰਿ ਕਿਰਪਾ ਪ੍ਰਭ ਅਪਨੀ ॥2॥
ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ ॥3॥
ਜਨ ਨਾਨਕ ਦਾਸਨਿ ਦਾਸ ਕਹੀਅਤ ਹੈ, ਮੋਹਿ ਕਰਹੁ ਕ੍ਰਿਪਾ ਠਾਕੁਰ ਅਪਨੀ ॥4॥

ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ—827

### ਝਪ : ਤਾਲ ਮਾਤਰਾਂ 10

ਤਾਲੀ/ਖਾਲੀ ਮਾਤਰੇ

| X | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਸੰ | — | ਧ | ਨੁ | ਪ | ਮ | ਪ | ਗ | — | ਗ |
| ਮੂ | s | ਲਾ | s | s | ਲ | ਨ | ਸਿ | s | ਉ |
| ਗ | ਰ | ਗ | — | ਮ | ਗ | ਰ | ਸ | — | — |
| ਪ੍ਰੀ | s | ਤ | s | ਬ | ਨੀ | s | s | s | s |
| ਗ | ਰ | ਗ | — | ਸ | ਗ | ਰ | ਸ | — | — |
| ਤੋ | s | ਰੀ | s | ਨ | ਤੁ | s | ਟੈ | s | s |
| ਛੋ | s | ਰੀ | s | ਨ | ਛੂ | s | ਟੈ | s | s |
| ਸ | — | ਮ | ਗ | ਸ | ਪ | — | ਨ | ਧ | ਨ |
| ਐ | s | ਸੀ | s | s | ਮਾ | s | ਧੋ | s | s |
| ਸੰ | — | ਸੰ | — | ਰੰ | ਸੰ | ਨੁ | ਧ | ਪ | ਧ |
| ਖਿੰ | s | ਚ | s | ਤ | ਨੀ | s | s | s | s |

## ਅੰਤਰਾ 1

ਤਾਲੀ/ਖਾਲੀ ਮਾਤਰੇ

| X | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਪ | ਪ | ਨ | ਧ | ਨ | ਸਂ | ਸਂ | ਸਂ | — | ਸ |
| ਦਿ | ਨ | ਸੁ | S | S | ਰੈ | ਨਿ | ਮ | S | ਨ |
| ਸਂ | ਰਂ | ਗਂ | — | ਮਂ | ਗਂ | ਰਂ | ਸਂ | — | — |
| ਮਾ | S | ਹਿ | S | ਬ | ਸ | ਤੁ | ਹੈ | S | S |
| ਮ | — | ਮ | — | ਗ | ਪ | ਪ | ਨ | ਧ | ਨ |
| ਤੂ | S | ਕ | S | ਰਿ | ਕਿ | ਰ | ਪਾ | S | S |
| ਸਂ | ਸਂ | ਸਂ | — | ਰਂ | ਸਂ | ਨੂ | ਧ | ਪ | ਧ |
| ਪ੍ਰ | ਭ | ਅ | S | ਪ | ਨੀ | S | S | S | S |

## ਅੰਤਰਾਂ 2

| | | | | | | | | | |
|---|---|---|---|---|---|---|---|---|---|
| ਸ | ਸ | ਸ | — | ਰ | ਗ | ਰ | ਸ | — | — |
| ਬ | ਲਿ | ਬ | S | ਲਿ | ਜਾ | S | ਉ | S | S |
| ਸ | — | ਗ | — | ਰ | ਗ | ਪ | ਗ | — | ਮ |
| ਸਿਆ | S | ਮ | S | ਸੁੰ | ਦ | ਰ | ਕਉ | S | S |
| ਪ | ਪ | ਪ | — | ਧ | ਮ | ਪ | ਗ | — | ਸ |
| ਅ | ਕ | ਥ | S | ਕ | ਥਾ | S | ਜਾ | S | ਕੀ |
| ਗ | ਰ | ਗ | — | ਮ | ਗ | ਰ | ਸ | — | — |
| ਬਾ | S | ਤ | S | ਸੁ | ਨੀ | S | S | S | S |

"ਜਨ ਨਾਨਕ........." ਅੰਤਰਾ ਨੰ: 1 ਦੇ ਸੁਰਾਂ ਉਪਰ ਪੜ੍ਹੋ

---


## ਇਸ਼ਤਿਆਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 1000 ਰੁਪਏ |
| ਕਵਰ ਦਾ ਅੰਦਰਲਾ ਦੂਜਾ ਜਾਂ ਤੀਜਾ ਪੰਨਾ | 800 ਰੁਪਏ |
| ਸਧਾਰਨ ਪੂਰਾ ਪੰਨਾ | 500 ਰੁਪਏ |
| ਸਧਾਰਨ ਅੱਧਾ ਪੰਨਾ | 250 ਰੁਪਏ |
| ਸਧਾਰਨ ਚੌਥਾਈ ਪੰਨਾ | 125 ਰੁਪਏ |

# ਰੂਪਕ ਤਾਲ ਦੀ ਜਾਣ ਪਛਾਣ

ਪ੍ਰੋ: ਜਤਿੰਦਰ ਸਿੰਘ ਖੰਨਾ

ਭਾਸ਼ਾ ਦੇ ਅਧਾਰ ਤੇ ਰੂਪਕ ਦਾ ਅਰਥ ਹੈ, ਦਸਤਾਵੇਜ਼ੀ ਨਾਟਕ । ਕਰਨਾਟਕੀ ਸੰਗੀਤਪੱਧਤੀ ਦੀ ਰੂਪਕਮ ਤਾਲ ਹਿੰਦੁਸਤਾਨੀ ਸੰਗੀਤ ਪੱਧਤੀ ਨਾਲੋਂ ਭਿੰਨ ਹੈ। ਪ੍ਰਾਚੀਨ ਕਾਲ ਦੇ ਅਨਿੱਬਧ ਅਲਾਪ ਗਾਇਨ ਦੇ ਅੰਤਰਗਤ ਇੱਕ ਪ੍ਰਕਾਰ ਨੂੰ ਰੂਪਕ ਅਲਾਪ ਵੀ ਕਹਿੰਦੇ ਸਨ। ਪਰ ਇਸ ਦੀ ਲੈਅ ਆਧੁਨਿਕ ਰੂਪਕ ਤਾਲ ਨਾਲ ਮੇਲ ਖਾਂਦੀ ਸੀ ਕਿ ਨਹੀਂ ਇਸ ਦਾ ਅੱਗੇ ਠੀਕ ਤਰ੍ਹਾਂ ਪਤਾ ਨਹੀਂ ।

1. ਮਾਤਰਾਵਾਂ :—ਇਸ ਤਾਲ ਦੀਆਂ ਸੱਤ ਮਾਤਰਾਵਾਂ ਹਨ ।
2. ਵਿਭਾਗ :—ਇਸ ਤਾਲ ਦੇ ਤਿੰਨ ਵਿਭਾਗ ਹਨ । ਪਹਿਲੇ ਵਿਭਾਗ ਦੀਆਂ ਤਿੰਨ ਅਤੇ ਦੂਜੇ ਅਤੇ ਤੀਜੇ ਵਿਭਾਗ ਦੀਆਂ ਦੋ-ਦੋ ਮਾਤਰਾਵਾਂ ਹਨ ।
3. ਖਾਲੀ :—ਪਹਿਲੀ ਮਾਤਰਾ ਉੱਤੇ ਖਾਲੀ ਹੈ ਅਤੇ ਇਹ ਇੱਕੋ ਇੱਕ ਅਜਿਹੀ ਤਾਲ ਹੈ ਜਿਸ ਦੀ ਪ੍ਰਥਮ ਮਾਤਰਾ ਖਾਲੀ ਹੈ ।
4. ਤਾੜੀ :—ਚੌਥੀ ਅਤੇ ਛੇਵੀਂ ਮਾਤਰਾ ਉੱਤੇ ਤਾੜੀ ਹੈ ।
5. ਇਹ ਤਬਲੇ ਦੀ ਤਾਲ ਹੈ ।
6. ਇਹ ਬੰਦ ਬੋਲਾਂ ਦੀ ਤਾਲ ਹੈ ।
7. ਟੱਪਾ, ਧਰੁਪਦ, ਧਮਾਰ ਨੂੰ ਛੱਡ ਕੇ ਬਾਕੀ ਦੀਆਂ ਲੱਗਭਗ ਸਾਰੀਆਂ ਗਾਇਨ ਅਤੇ ਵਾਦਣ ਸ਼ੈਲੀਆਂ ਇਸ ਤਾਲ ਵਿੱਚ ਗਾਈਆਂ ਤੇ ਵਜਾਈਆਂ ਜਾਂਦੀਆਂ ਹਨ ।
8. **ਸਮ ਮਾਤਰਾ ਤਾਲ :**—ਤੀਵਰਾ ਜਾਂ ਤੀਬਰਾ ਇਸ ਨਾਲ ਮੇਲ ਖਾਂਦੀ ਤਾਲ ਹੈ ।
9. ਸਿੱਖ ਧਰਮ ਦੇ ਭਗਤੀ ਸੰਗੀਤ ਵਿੱਚ ਲਾਵਾਂ ਇਸ ਤਾਲ ਵਿੱਚ ਗਾਉਣ ਦੀ ਪਰੰਪਰਾ ਰਹੀ ਹੈ ।
10. ਪੰਜਾਬ ਦੇ ਲੋਕ ਸੰਗੀਤਕਾਰ ਇਸ ਨੂੰ ਢਾਈ ਤਾਲ ਜਾਂ ਢਾਈਆ ਕਹਿੰਦੇ ਹਨ । ਕੁਝ ਲੋਕ ਗਾਇਕ ਢਈਆ ਅਤੇ ਸੱਤਾ ਨੂੰ ਇੱਕੋ ਤਾਲ, ਕੁਝ ਇਨ੍ਹਾਂ ਨੂੰ ਦੋ ਭਿੰਨ ਤਾਲਾਂ ਮੰਨਦੇ ਹਨ । ਲੋਕ ਗਾਥਾ ਮਿਰਜ਼ਾ ਸਾਹਿਬਾ ਦਾ ਇੱਕ ਪ੍ਰਕਾਰ ਢਈਏ ਵਿੱਚ ਵੀ ਗਾਇਆ ਜਾਂਦਾ ਹੈ ।

**ਬੋਲ :—**

| | | | | | | |
|---|---|---|---|---|---|---|
| 0 | | | 2 | | 3 | |
| 1 | 2 | 3 | 4 | 5 | 6 | 7 |
| ਤਿੰਨ | ਤਿੰਨ | ਨਾ | ਧਿੰਨ | ਨਾ | ਧਿਨ | ਨਾ |

# कला और भक्ति

— डॉ० पाण्डुरंग राव

मानव-जीवन की मरू मरीचिकाएँ अविकल आत्मा को विकल बना देती है । उसको फिर से सफल बनाने का काम कला का है । जीवन में कला की यही महत्व-पूर्ण भूमिका है जो जीवन को जीवन और मानव को मानव बनाने में अविकल योग देती है । वास्तव में कलात्मकता ही जीवन के हर पहलू को साकल्प प्रदान करती है चाहे वह पारिवारिक जीवन हो सामाजिक जीवन हो व्यवसायिक जीवन हो, बौद्धिक वैभव हो या आध्यात्मिक अनुभूति हो । जीवन के प्रत्येक क्षण मैं प्राणी को प्रणव भावना से अनुप्राणित करने वाली आत्मयोगिनी को ही हम कला की संज्ञा देकर उस की आराधना करते हैं कभी जान बूझकर कभी-कभी अनजाने में । प्राणीं अपनी कलात्मक चेतना के प्रत्ति सजग हो या नहीं, कला उसके प्रणयन का अभिन्न अंग है । कला को जीवन से अलग नहीं किया जा सकता और न जीवन को कला से । दोनों एक दूसरे के सहयोगी हैं और सहजीवी है ।

सूर्योदय से सूर्यास्त तक जीवन का प्रत्येक क्षण कलात्मक चेतना से परिपूर्ण दिखाई देता है, यदि हमारे भीतर कलात्मक भावना हो । सूर्योदय के समय प्राणी के चेहरे पर पल भर में छा जानेवाली लालिमा, उस लालिमा को देखकर काल के गर्भ में कुछ समय के लिए अपने चेहरे को छिपा लेनेवाली कालिमा और इन दोनों के हाव-भाव को देखकर मुस्कुराने वाले नन्ही-नन्ही कलियों की पुष्प-हास का पुण्य पाठ सिखाते हुए लोक में आलोक फैलानेवाली चमकीली किरणें—ये सब मिलकर जीव जगत् के विशाल रंगमंच को नाना प्रकार की कलाओं के सहज प्रदर्शन से अविकल कला मंदिर बना देते हैं । अकाश में रंग बिरंगी रूप देखाँए चित्रशाला का सृजन करतीं हैं तो सुप्रभात की सुमधुर गायन सुनातेवाली भोली भाली चिड़ियां अपनी गीत माधुरी से समस्त वायुमंडल को संगीत-सदन बना देती हैं । प्रत्यक्ष देवता भगवान भास्कर को अर्घ्य चढ़ाने के लिए सागर को लहरें साम-गान का सस्वर पाठ करती हैं तो पहाड़ों के ऊंचे ऊंचे शिखरों पर विरज अंबर धारण कर निर्विकल्प समाणि में विराजमान वनराजी अपने सदय हृदय को सत्कदिता का सदन बनाकर अवनीतल की असंख्य राजधानियों के परिकल्पित वैभव को अभाव का अभिनय मात्र सिद्ध करती हैं । कहीं एकांत में बैठकर कवि-कोकिल अपनी काकली के कल-कल निनाद से सकल जगत् को काव्यकला से कमनीय बना देता है तो कहीं से श्यामवर्ण गोपबालक के ओठों पर

विराजमान बांसुरी से समस्त भव-बाधा को भुला देनेवाली स्वर लहरी घट-घट को नाद-सिंधु बना देती है।

पर संसार की इस सहज सात्विक कलात्मकता को समझने के लिए सच्चा हृदय चाहिए। केवल मस्तिष्क से काम नहीं चलता। मस्तिष्क केवल ज्ञान को ग्रहण कर सकता है और वह भी रुखा-सुखा ज्ञान जो कि देश-काल की कल्पित सीमाओं तक पहूंच पाता है। सच्चा ज्ञान सब कुछ देख पाता है, सब कुछ समझ लेता है और सब जगह सब समय सार्थक और सहायक सिद्ध होता है। इस निरूपाधिक निर धिक और निर्देशक ज्ञान को प्राप्त करने के लिए केवल मस्तिष्क पर्याप्त नहीं है, उसके लिए हृदय का हार्दिक सहयोग अनिवार्य बन जाता है। हृदय ध्यान को सहज बना देता है और ध्यान ज्ञान के मार्ग को प्रशस्त करता है। ध्यान के बिना जो ज्ञान प्राप्त होता है वह सारहीन होता है। ध्यान और ज्ञान कला के दो पार्श्व हैं। कला का विहग इन दोनों को पंख बनाकर केवल धरातल में नहीं बल्कि रसातल और नभोमंडल तक अपनी उड़ान भर सकता है। ये पंख जितने सबल हों, उतना ही विस्तृत कला मार्ग होता है और उतना ही प्रशस्त उसका प्रस्तार होता है।

जब कोई रससिद्ध गायक ध्यान मगन होकर स्वर-साधना करने लगता है और अपनी स्वर लहरी के प्रस्तार से प्रस्तर को भी प्रस्विन्न बना देता है तब हमें पता चलता है कि कला की कला की पराकाष्ठा तक पहुंचने के लिए ध्यान और ज्ञान का मंगलमय संगम कितना आवश्यक होता है। इसी संगम को हम चाहें तो भक्ति की संज्ञा दे सकते हैं। विभक्त को अविभक्त बनाने वाली आत्म निरति ही भक्ति है। ध्यान के समय ध्याता जिस प्रकार अपने को ध्येय से जोड़ने का प्रयास करता है उसी प्रकार ज्ञान-साधना में ज्ञाता या जिज्ञासु अपने ज्ञेय (जानने योग्य) के साथ तादात्म्य स्थापित करने की चेष्टा करता है। मूलतः ध्येय और ध्याता में अथवा ज्ञेय और ज्ञाता में कोई तात्वक अंतर नहीं होता। अंतर का कारण सांसारिकता है। जैसे ही सांसारिकता का अंतर-पट हट जाता है, वैसे ही आराधक अपने आराध्य से अपने को अभिन्न अनुभव करता है। ध्यान करने वाला ध्यान का विषय बन जाता है और जानने वाला जान जाता है। अब तक जो अपने को अपने से अलग या विभक्त अनुभव कर रहा है वही प्राणी अपने को उस मुख्य प्राण से अविभक्त समझ कर उसी परम सत्व में एकाकर हो जाता है। इसी एकात्मकता को हम लौकिक व्यवहार में भक्ति कहते हैं जिसको केवल ध्यान से तो प्राप्त किया जा सकता है पर केवल ज्ञान से नहीं। दोनों का मणि कंचन संयोग मिल जाए तो उससे बढ़कर जीवन

में सौभाग्य की कोई बात नहीं हो सकती ।

ध्यान और ज्ञान को एक साथ प्राप्त करने का सबसे सहज और सुगम साधन है—संगीत । चित्रकला, मूर्तिकला स्थापत्य कला आदि केवल दृश्य हैं काव्य कला मूलत: पठ्य है, पर कभी कभी श्रव्य भी बन जाती है । ये सब नयन मनोहर कलाएं हैं । पर संगीत श्रुतिसुभग होता है । सुनने मात्र से यह आत्मा को आलोकित कर देता है । इसलिए यह सब के लिए सुलभ होता है । "शिशुर्वेत्ति, पशुर्वेत्ति, वेत्ति गान रसं फणि:"—इस सुक्ति के अनुसार संगीत प्राणिमात्र को प्रसन्नता प्रदान करने वाला अमोघ साधन है । प्रसन्न चित बड़ी सरलता से समाधिस्त बन जाता है और और भमाधिस्थ चेतना को अनायास पहचान पाती है । इसलिए संगीत को "मोक्ष विद्या" कहा गया है । मोह का क्षय ही मोक्ष है । संगीत की स्वर लहरी के समान भक्त वत्सल भगवान कृष्ण के श्रीमुख से प्रसुत गीतामृत का रसास्वादन करने के बाद अर्जुन ने अपने हृदय से अनुभव किया कि मेरा सारा मोह दूर हो गया है, मुझे अपनी वास्तविकता का बोध हो गया है और यह सब भगवत्प्रसाद से संभव हो सका है ।

"नष्टो मोह: स्मृतिर्लब्धा त्वतप्रसादान्मयाच्युत ।।"

भगवान कृष्ण के दिव्ह मुखारविंद से निकला गीतामृत केवल ध्येय या ज्ञेय ही नहीं, बल्कि गेय है । इसकी गेयका अप्रमेय है क्योंकि वह अप्रमेय के अनंत वैभव का गुनगान करती है । यह आत्मा का संगीत है । यह वह बिंदु है जो नाद और वेद की सीमा को पाकर आत्मा की अमृत कला को आलोकित कर देता है । इसि बिंदु में ज्ञान ध्यान और समस्त गान कला की सिंधु समाहित है । "सुधा सिंधोर्मध्ये" कह कर आचार्य शंकर ने जिस अमृत सागर की ओर मार्मिक संकेत किया है और जहाँ पर परम शिव और परमेश्वरी का परम सयुज्य प्राणि-जगत् के प्राण-पर्यंक को पर्यवसित बना देता है, यह गीत सुधा रस का वही सागर है जिसको संबोधित कर कविन्द्र रवीन्द्र कहते है :

सकल मधुरी लुकाए जाए गीत सुधारसे ऐसों

पर संगीत को संगीत बनानेवाली भूल तत्व भक्ति है । अन्यथा वह केवल गीत बन कर रह जाता है । संगीत साहित्य और भक्ति के तीर्थराज संत त्यागराज इसी सत्य को उदघोषित करते हुए कहते हैं :

प्रभु पद जो ना रचाए पद गीत अगीत समान ।

जो पद परम पद को पहचानने में सहायक नहीं हो पाता, उसको गाना, न गाना दोनों बराबर है। एक दूसरे गीत में संत और स्पष्ट शब्दों में कहते हैं :

संगीत ज्ञानमु भक्ति बिना सन्मार्गमु गलदे ।

(संगीत का ज्ञान चाहे जितना भी उत्कृष्ट हो भक्तिभावना के बिना सन्मार्ग का साधक नहीं बन सकता)

संगीत के संबंध में संत त्यागराज ने जो बात कही है, लगभग वही बात काव्य कला के संबंध में गोस्वामी तुलसीदास ने भी कही है। बिना भक्ति की गान कला जिस प्रकार मार्ग दर्शन नहीं बन सकती उसी प्रकार गोस्वामी के अनुसार भक्ति रहित काव्य साधना निर्वसन सौंदर्य की तरह प्रेम के स्थान पर जुगुप्सा पैदा कर सकती है। केवल गान कला और काव्य कला के संबंध में ही नहीं बल्कि प्रत्येक कला के संबंध में यह बात सही है कि भक्ति भावना के बिना कोई भी कला न अपनी पराकाष्ठा तक पहुंच पाती है और न अपने प्रयोजन को सिद्ध कर सकती है। गुरु नानक के शब्दों में जीवधारी को तनमुख होने के साथ-साथ गुरमुख भी होना है। तनमुख और मनमुख व्यक्ति जीवन में सुख संपत्ति और पद-प्रतिष्ठा तो प्राप्त कर सकता है पर अपने को पहचान नहीं पाता और अपने आपको आपने साथ जोड़ नहीं पाता। यह केवल गुरमुख व्यक्ति के लिए संभव है जिसको महर्षियों ने आत्मवान की संज्ञा दी है। यही आत्म-योग वास्तव में भक्तियोग है जो कि कला के क्षेत्र में भाव योग के रूप में प्रकट होता है। संक्षेप में योग ही भक्ति है और भक्ति अपने आप में एक योग है जिसमें कर्मयोग, ज्ञानयोग, राजयोग, ध्यान आदि समस्त योगों का समाहार समाहित है। इसलिए नारद ने अपने भक्तिसूत्र में भक्ति की प्रशस्ति में मुक्त कंठ से कहा—

"भक्तिरेव गरीयसी"

# An Appeal

Sikh religion is very practical. The holy script 'Guru Granth Sahib' deals with various aspects of human 'K A R M A' and lays down some Do's and DONT'S for the human beings. A very significant feature of Sikh religion is that it does not believe in blind faith and orthodoxy. Guru Nanak Dev by bold steps & unique courage dissuaded the society from performing mere rituals, which had taken a strong hold over the society.

But only after five hundred years of Guru Nanak's time, we have slipped from the heights to which he had elevated us. We are losing the reality and are performing rituals as were prevalent before him may be in a slightly different form. Some of the acts to for paying respect to the holy Granth are no less than Idol-worship. The continuous recitation of Shri Guru Granth Sahib 'AKHAND PATH' is done but hardly are any listeners. The Akhand Paths can he done in absentia, by paying some money at some Gurdwaras or by some institutions. There are other practices which need reform if the sanctity and uniqueness of sikh religion is to be maintained

The institution of 'Kirtan' was bestoved upon the Sikhs who gave their teachings in poetry and themselves sang the same Kirtan has a lasting effect on the listeners. Through their appeal I urge the 'Ragis' that with their magical presentation of Gurbani they influence the Sikhs to stick to real values of the religion and discard unwanted practices. They should choose shabads from Gurbani that would inspire in the listener's mind the teachings of Gurus, which discourage such rituals. The Gurbani singers can help the community in dis-continuing mere symbolic perfomances and inculcate in them real spirit of sikhism. Let us examine the practices and stick only to them which can transalte Guru's teaehings.

I may be excused, if I am infrining into a feild which is beyond the realm of ordinary men and and I would wish to be educated, if I am on the wrong track.

Gurbachan Singh

# ਗੁਰਮਤਿ ਸੰਗੀਤ ਦੀਆਂ ਕੈਸਟਾਂ

ਅੱਜ ਕਲ੍ਹ ਬਹੁਤੀਆਂ ਕੈਸਟ ਕੰਪਨੀਆ ਆਪਣੇ ਵਿਕਰੀ ਪੱਖ ਨੂੰ ਧਿਆਨ ਵਿੱਚ ਰੱਖ ਕੇ ਮਸ਼ਹੂਰ ਰਾਗੀਆਂ ਦੇ ਗਾਇਨ ਕੀਤੇ ਸੁਗਮ ਸੰਗੀਤ ਦੀਆਂ ਧੁਨਾਂ ਵਾਲੇ ਸ਼ਬਦ ਹੀ ਰਿਕਾਰਡ ਕਰਵਾਉਂਦੀਆਂ ਹਨ। ਇਸ ਕਾਰਨ ਇੰਜ ਜਾਪਣ ਲੱਗ ਪਿਆ ਹੈ ਕਿ ਗੁਰਮਤਿ ਸੰਗੀਤ ਸ਼ਾਇਦ ਇਹ ਪ੍ਰਚਲਤ ਜਿਹੀਆਂ ਟਿਊਨਾਂ ਤੇ ਗਾਏ ਸ਼ਬਦਾਂ ਵਾਲਾ ਹੀ ਹੈ। ਖੁਸ਼ੀ ਦੀ ਗੱਲ ਹੈ ਕਿ ਗੁਰਮਤਿ ਸੰਗੀਤ ਨਾਮਕ ਕੰਪਨੀ ਨੇ ਕਲਾਸੀਕਲ ਧੁਨਾਂ ਉਤੇ ਗਾਇਨ ਕੀਤੇ ਗੁਰਬਾਣੀ ਕੀਰਤਨ ਨੂੰ ਰਿਕਾ-ਰਡ ਕਰਕੇ ਕੈਸਟ ਰੂਪਾਂ ਵਿਚ ਪੇਸ਼ ਕਰਨ ਦਾ ਹੌਂਸਲਾ ਕੀਤਾ ਹੈ। ਉਹਨਾਂ ਨੇ ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਜੀ ਦੇ ਗਾਏ ਸ਼ਬਦ ਦੀ ਇਕ ਕੈਸਟ ਰਿਕਾਰਡ ਕੀਤੀ ਹੈ। ਇਸ ਕੈਸਟ ਵਿੱਚ ਪਹਿਲਾ ਸ਼ਬਦ (ਮੋਹਨ ਪ੍ਰਾਨ ਮਾਨ ਰਾਗੀਲਾ) ਰਾਗ ਗੂਜਰੀ ਵਿੱਚ ਅਤੇ ਦੂਜਾ ਸ਼ਬਦ (ਸਭ ਮਦ ਅਤੇ ਕੋਊ ਨ ਜਾਗ) ਰਾਗ ਬਸੰਤ ਵਿੱਚ ਗਾਇਨ ਕੀਤਾ ਗਿਆ ਹੈ। ਭਾਵੇਂ ਇਸਦਾ ਗਾਇਨ ਪੱਧਰ ਹੋਰ ਉੱਚਾ ਹੋ ਸਕਦਾ ਹੈ ਪਰ ਇਹ ਠੋਸ ਕਦਮ ਚੁੱਕਣ ਲਈ ਪ੍ਰਬੰਧਕ ਨਿਸ਼ਚੇ ਹੀ ਵਧਾਈ ਦੇ ਪਾਤਰ ਹਨ। ਸੰਗਤਾਂ ਦਾ ਵੀ ਫਰਜ਼ ਹੈ ਕਿ ਉਹ ਅਜਿਹੀਆਂ ਕੈਸਟਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਉਣ।

---

# ਸਲੋਕ ਗਾਇਨ

ਬਾਬਾ ਫਰੀਦ ਜੀ ਦੀ ਮਾਖਿਓਂ ਵਰਗੀ ਮਿੱਠੀ ਬਾਣੀ ਸਭ ਤੋਂ ਮਿੱਠੇ ਰਸ ਨਾਲ ਇਕ-ਮਿਕ ਕਰਨ ਦੇ ਸਮਰੱਥ ਹੈ। ਬਾਬਾ ਫਰੀਦ ਜੀ ਨੂੰ ਸ਼ਰਧਾਂਜਲੀ ਅਰਪਨ ਕਰਨ ਹਿੱਤ ਪਹਿਲਾਂ ਐਚ. ਐਮ. ਵੀ. ਵਾਲਿਆਂ ਇਕ ਐਲ. ਪੀ. ਰਿਕਾਰਡ ਕੱਢਿਆ ਸੀ। ਪਿੱਛੇ ਜਿਹੇ 'ਸਰਬ ਸਾਂਝੀ ਗੁਰਬਾਣੀ' ਟੈਕਸਲਾ ਵਾਲਿਆਂ ਨੇ ਬਾਬਾ ਫਰੀਦ ਜੀ ਦੇ ਕੁਝ ਸ਼ਲੋਕਾਂ ਦਾ ਗਾਇਨ ਰਿਕਾਰਡ ਕਰਕੇ ਸਰੋਤਿਆਂ ਨੂੰ ਭੇਂਟ ਕੀਤਾ ਹੈ।

ਭਾਈ ਅਵਤਾਰ ਸਿੰਘ ਸੰਤਰੇਣ ਨੇ ਪਹਿਲਾਂ ਵੀ ਆਪਣੀ ਮਿੱਠੀ ਆਵਾਜ਼ ਨਾਲ ਸਰੋਤਿਆਂ ਨੂੰ ਮੁਗਧ ਕੀਤਾ ਹੋਇਆ ਹੈ। ਇਸ ਕੈਸਟ ਵਿਚ ਵੀ ਉਹਨਾਂ ਬੜੇ ਟਿਕਾਉ ਨਾਲ ਕੀਰਤਨ ਕੀਤਾ ਹੈ। 'ਚਲਾਂ ਤਾਂ ਭਿਜੇ ਕੰਮਲੀ' ਤੁਕ ਨੂੰ ਸਥਾਈ ਬਣਾ ਕੇ ਬਾਬਾ ਫਰੀਦ ਜੀ ਦੇ ਕਾਫੀ ਸਲੋਕਾਂ ਦਾ ਗਾਇਨ ਚੰਗੇ ਢੰਗ ਨਾਲ ਕੀਤਾ ਗਿਆ ਹੈ। ਕਿਤੇ ਕਿਤੇ ਉਚਾਰਣ ਦੀਆਂ ਤਰੁੱਟੀਆਂ ਜ਼ਰੂਰ ਰੜਕਦੀਆਂ ਹਨ।

ਇਸ ਕੈਸਟ ਵਿਚ ਸੰਤ ਜੀ ਨੇ ਆਪਣਾ ਇਲੈਕਟ੍ਰਾਨਿਕ ਵਾਜਾ ਨਹੀਂ ਵਜਾਇਆ ਸਗੋਂ ਕਈ ਸਾਜ਼ਾਂ ਦਾ ਸੰਗੀਤ ਦਿਤਾ ਗਿਆ ਹੈ। ਬਾਬਾ ਫਰੀਦ ਜੀ ਦੇ ਚਿੱਤਰ ਵਾਲਾ ਕਵਰ ਪ੍ਰਭਾਵਸ਼ਾਲੀ ਹੈ।

# ਵਿਆਖਿਆ ਅਤੇ ਕੀਰਤਨ

ਸਭਿਆਚਾਰਕ ਮਾਮਲਿਆਂ ਦੇ ਵਿਭਾਗ ਵੱਲੋਂ ਤਿਆਰ ਕੀਤੀ ਸ਼ਬਦਾਂ ਦੀ ਇੱਕ ਕੈਸਟ ਮਾਰਕੀਟ ਵਿੱਚ ਆਈ ਹੈ। ਭਾਵੇਂ ਇਹ ਵੈਸਟਨ ਕੰਪਨੀ ਵਲੋਂ ਰਿਲੀਜ਼ ਕੀਤੀ ਗਈ ਹੈ ਪਰ ਇਸ ਦੇ ਨਿਰਮਾਣ ਵਿੱਚ ਪੰਜਾਬ ਦੇ ਇਸ ਵਿਭਾਗ ਦਾ ਹੀ ਹੱਥ ਹੈ। ਇਸ ਦੇ ਮੁੱਖ ਗਾਇਕ ਅਤੇ ਸੰਗੀਤਕਾਰ ਡਾਕਟਰ ਜਤਿੰਦਰ ਸਿੰਘ ਖੰਨਾ ਇਕ ਸੂਝਵਾਨ ਸੰਗੀਤ ਅਧਿਆਪਕ ਹਨ। ਉਹਨਾਂ ਨੇ ਆਪਣੇ ਨਾਲ ਸੁਸ਼ੀਲ ਰਿਸ਼ੀ ਅਤੇ ਮਿਸ ਨੀਲੂ ਨੂੰ ਸ਼ਬਦ ਗਾਇਨ ਵਿਚ ਸ਼ਾਮਿਲ ਕੀਤਾ ਹੈ। ਇਹਨਾਂ ਸੰਗੀਤਕਾਰਾਂ ਦਾ ਗੁਰਮਤਿ ਸੰਗੀਤ ਵੱਲ ਇਸ ਤਰ੍ਹਾਂ ਦਾ ਰੁਝਾਨ ਸ਼ਲਾਘਾਯੋਗ ਹੈ। ਇਸ ਕੈਸਟ ਵਿਚ ਤਿੰਨ ਸ਼ਬਦ ਗਾਇਨ ਕੀਤੇ ਹਨ। ਏ ਸਾਈਡ ਤੇ ਪਹਿਲਾ ਸ਼ਬਦ (ਰਚਨਾ ਸਾਚ ਬਨੀ) ਰਾਗ ਰਾਮਕਲੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਚਿਆ ਹੋਇਆ ਹੈ। ਇਸ ਕੈਸਟ ਵਿੱਚ ਇਹ ਸ਼ਬਦ ਮਿਸ਼ਰ ਪਹਾੜੀ ਵਿੱਚ ਗਾਇਆ ਗਿਆ ਹੈ। ਦੂਜਾ ਸ਼ਬਦ (ਕਵਨ ਗੁਨ ਪ੍ਰਾਨਪਤ) ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੈ ਜੋ ਰਾਗ ਗਾਉੜੀ ਵਿੱਚ ਦਰਜ ਹੈ। ਪਰ ਇਸ ਕੈਸਟ ਵਿਚ ਇਹ ਸ਼ਬਦ ਰਾਗ ਬਹਾਰ ਵਿਚ ਗਾਇਨ ਕੀਤਾ ਗਿਆ ਹੈ। ਬੀ ਸਾਇਡ ਤੇ ਭਾਈ ਨੰਦ ਲਾਲ ਜੀ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਵਿਚ ਗਾਇਨ ਕੀਤੀ ਨਜ਼ਮ ਹੈ (ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ) ਇਹਨਾਂ ਸਾਰੇ ਸ਼ਬਦਾਂ ਦੀ ਵਿਆਖਿਆ ਪ੍ਰਸਿੱਧ ਵਿਦਵਾਨ ਗਿਆਨੀ ਲਾਲ ਸਿੰਘ ਜੀ ਦੀ ਕੀਤੀ ਹੋਈ ਹੈ। ਇਸ ਪੱਖੋ ਇਹ ਇਕ ਨਿਵੇਕਲੀ ਪਿਰਤ ਹੈ। ਅਸੀਂ ਪੰਜਾਬ ਸਭਿਆਚਾਰਕ ਮਾਮਲਿਆਂ ਦੇ ਵਿਭਾਗ ਨੂੰ ਵਧਾਈ ਦਿੰਦੇ ਹੋਏ ਆਸ ਕਰਦੇ ਹਾਂ ਕਿ ਵਿਭਾਗ ਗੁਰਬਾਣੀ ਕੀਰਤਨ ਦੀ ਅਸਲੀ ਸ਼ੈਲੀ ਨੂੰ ਨਿਰਧਾਰਤ ਰਾਗਾਂ ਅਨੁਸਾਰ ਰਿਕਾਰਡ ਕਰਵਾਉਣ ਦਾ ਉਦਮ ਕਰੇਗਾ। ਇਸ ਤਰ੍ਹਾਂ ਪੰਜਾਬੀ ਸਭਿਆਚਾਰ ਦੇ ਇਸ ਮਹੱਤਵਪੂਰਨ ਅੰਗ ਦੀ ਸੰਭਾਲ ਵੀ ਹੋਵੇਗੀ ਅਤੇ ਨਰੋਆ ਸੰਗੀਤ ਵੀ ਸੁਣਨ ਨੂੰ ਮਿਲੇਗਾ।

---

ਸੰਗੀਤ ਕੈਸਟਾਂ

# ਈਕੋ ਆਫ ਟੈਂਪਲ

ਤੁਸੀਂ ਪੰਡਤ ਜਸ ਰਾਜ ਜੀ ਨੂੰ ਸਟੇਜ ਉੱਤੇ ਟੈਲੀਵੀਜ਼ਨ ਜਾ ਰੇਡੀਓ ਉੱਤੇ ਜ਼ਰੂਰ ਸੁਣਿਆ ਹੋਵੇਗਾ। ਮੈਗਨਾਸਾਉਂਡ ਨਾਮਕ ਕੰਪਨੀ ਨੇ ਪੰਡਿਤ ਜੀ ਦੀ ਇੱਕ ਕੈਸਟ ਵਿੱਚ ਬ੍ਰਿਜ ਦੇ ਮੰਦਰਾਂ ਵਿੱਚ ਕੀਤੇ ਜਾਂਦੇ ਕੀਰਤਨ ਨੂੰ ਰਿਕਾਰਡ ਕੀਤਾ ਹੈ। ਇਸ ਕੈਸਟ ਵਿੱਚ ਜਸਰਾਜ ਜੀ ਨੇ ਕ੍ਰਿਸ਼ਨ ਦਾਸ, ਨੰਦ ਰ ਇ ਅਤੇ ਚਿਤ ਸਵਾਮੀ ਦੇ ਰਚੇ ਭਜਨ ਗਾਏ ਹਨ। 'ਲਾਲ ਗੋਪਾਲ ਗੁਲਾਲ ਹਮਾਰੀ' ਬ੍ਰਿਜ ਦੀ ਹੋਲੀ ਸੁਣ ਕੇ ਸਰੋਤਾ ਹੋਲੀ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ ਅਤੇ ਉਦੋਂ ਜਾਪਦਾ ਹੈ ਕਿ ਅਸੀਂ ਬ੍ਰਿਜ ਵਿੱਚ ਪੁਜ ਗਏ ਹਾਂ ਜਦੋਂ ਸੁਣਦੇ ਹਾਂ—ਖਾਤਿਰ ਕਰ ਲੇ ਨਈ ਗੁਜਰੀਆਂ। ਪੈਂਤੀ ਰੁਪਇਆਂ ਦੀ ਇਸ ਕੈਸਟ ਵਿਚ ਪੰਡਿਤ ਜੀ ਦੀ ਮਨਮੋਹਕ ਆਵਾਜ਼ ਅਤੇ ਅਨੂਠੀ ਸ਼ੈਲੀ ਵਿਚ ਨੌ ਭਜਨ ਸੁਣਨ ਨੂੰ ਮਿਲਦੇ ਹਨ।

# ਕੁਮਾਰ ਗੰਧਰਬ ਦੀ ਨਵੀਂ ਕੈਸਟ

ਕਲਾਸੀਕਲ ਸੰਗੀਤ ਵਿੱਚ ਕੁਮਾਰਗੰਧਰਬ ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਆਮ ਸੰਗੀਤ-ਪ੍ਰੇਮੀ ਅੱਗੇ ਵੀ ਇਹ ਨਾਂ ਕਲਾਸੀਕਲ ਸੰਗੀਤ ਸਾਕਾਰ ਕਰਨ ਲੱਗ ਪੈਂਦਾਂ ਹੈ। ਐਚ. ਐਮ. ਵੀ, ਨੇ ਪਿਛੇ ਜਿਹੇ ਉਹਨਾਂ ਦੇ ਗਾਇਨ ਦੀ ਇੱਕ ਕੈਸਟ ਰਿਲੀਜ਼ ਕੀਤੀ ਹੈ। ਇਸ ਕੈਸਟ ਵਿੱਚ ਉਹਨਾਂ ਰਾਗ ਭਾਵਮਤ ਭੈਰਵ ਵਿਲੰਬਤ ਤਿੰਨ ਤਾਲ ਵਿੱਚ ਅਤੇ ਦਰੁੱਤ ਇੱਕਤਾਲ ਵਿੱਚ ਗਾਇਨ ਕੀਤਾ ਹੈ! ਵਿਲੰਬਤ ਅਤੇ ਦਰੁੱਤ ਤਿੰਨ ਤਾਲ ਵਿੱਚ ਰਾਗ ਮੱਧ ਸੁਰਜਾ ਪੇਸ਼ ਕੀਤਾ ਹੈ। ਇਹ ਦੋਵੇਂ ਰਾਗ ਕੁਮਾਰ ਗੰਧਰਬ ਦੀ ਪ੍ਰਤਿਭਾ ਨੂੰ ਦਰਸਾਉਂਦੇ ਹਨ।

ਐਚ. ਐਮ. ਵੀ. ਨੇ ਇਸ ਕੈਸਟ ਦੀ ਕੀਮਤ ਭਾਵੇਂ ਚਾਲੀ ਰੁਪਏ ਰੱਖੀ ਹੈ। ਪਰ ਕੁਮਾਰ ਗੰਧਰਬ ਦਾ ਗਾਇਨ ਸੁਣਨ ਲਈ ਸੰਗੀਤ ਪ੍ਰੇਮੀ ਇਸ ਨੂੰ ਖਰੀਦ ਹੀ ਲੈਣਗੇ। ਐਚ. ਐਮ. ਵੀ. ਵਾਲੇ ਜਾਣਦੇ ਹਨ ਕਿ ਕਲਾਸੀਕਲ ਸੰਗੀਤ ਮੱਧ ਸ਼੍ਰੇਣੀ ਤੋਂ ਉਪਰਲੇ ਲੋਕ ਹੀ ਖਰੀਦਦੇ ਹਨ।

---

# ਕੀਰਤਨ ਅਤੇ ਸੰਗੀਤ ਸਮਾਚਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ)**—ਗੁਰਦੁਆਰਾ ਤਪ ਅਸਥਾਨ ਸੰਤਾਂ ਵਾਲਾ ਅਕਾਲ ਦਰਬਾਰ ਸਾਹਿਬ ਵਿਖੇ ਮਿਤੀ 25 ਮਾਰਚ 1990 ਨੂੰ ਇਕ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਕੀਤਾ ਗਿਆ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਦੀ ਵਿਆਖਿਆ ਮਾਤਾ ਰਾਜਿੰਦਰ ਕੌਰ ਜੀ ਨੇ ਕੀਤੀ। ਭਾਈ ਗੁਰਬਖਸ਼ ਸਿੰਘ ਸ਼ਾਂਤ, ਭਾਈ ਹਰਮੇਲ ਸਿੰਘ ਅਤੇ ਡਾਕਟਰ ਜਾਗੀਰ ਸਿੰਘ (ਅੰਮ੍ਰਿਤ ਕੀਰਤਨ) ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ।

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ)**—ਫੇਜ਼ 3 ਬੀ-2 ਦੀ ਸੁਖਮਨੀ ਸਾਹਿਬ ਸੰਗਤ ਵਲੋਂ ਮਿਤੀ 24-3-90 ਨੂੰ ਕੀਰਤਨ ਦਰਬਾਰ ਕਰਵਾਇਆ ਗਿਆ। ਇਸ ਵਿਚ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖੰਨੇ ਵਾਲਿਆਂ ਅਤੇ ਡਾਕਟਰ ਜਾਗੀਰ ਸਿੰਘ ਅੰਮ੍ਰਿਤ ਕੀਰਤਨ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ।

**ਬੁਲੰਦ ਸ਼ਹਿਰ**—ਮਿਤੀ 27-3-90 ਨੂੰ ਬੁਲੰਦ ਸ਼ਹਿਰ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਾਲ ਤਾਲਾਬ ਵਿਖੇ ਰੈਣ-ਸਬਾਈ ਕੀਰਤਨ ਦਰਬਾਰ ਹੋਇਆ। ਇਸ ਵਿੱਚ ਜਿਹੜੇ ਪ੍ਰਸਿੱਧ ਰਾਗੀ ਜਥਿਆਂ ਨੇ ਹਿੱਸਾ ਲਿਆ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ: ਭਾਈ ਹਰਬੰਸ ਸਿੰਘ ਜਗਾਧਰੀ ਵਾਲੇ, ਭਾਈ ਸੁਰਿੰਦਰ ਸਿੰਘ, ਤਖਤ ਸ੍ਰੀ ਹਜ਼ੂਰ ਸਾਹਿਬ ਵਾਲੇ ਡਾਕਟਰ ਭਾਈ ਜਾਗੀਰ ਸਿੰਘ ਅੰਮ੍ਰਿਤ ਕੀਰਤਨ, ਭਾਈ ਨੰਦ ਸਿੰਘ ਦਿੱਲੀ ਵਾਲੇ, ਭਾਈ ਜਸਵਿੰਦਰ ਸਿੰਘ ਟੈਕਸਲਾ ਟੀ. ਵੀ. ਵਾਲੇ, ਭਾਈ ਸਤਨਾਮ ਸਿੰਘ ਸੇਠੀ ਦਿੱਲੀ ਵਾਲੇ, ਭਾਈ ਮਨਜੀਤ ਸਿੰਘ ਪ੍ਰੇਮ।

---

# ਹਫਤਾਵਾਰੀ ਕੀਰਤਨ ਸਤਸੰਗ ਚੰਡੀਗੜ੍ਹ

ਸਮਾਂ 5-30 P.M ਤੋਂ 7-30 P,M.

| | | |
|---|---|---|
| 15-4-90 | Brig ਕੁਲਦੀਪ ਸਿੰਘ | 3086/21 D ਚੰਡੀਗੜ੍ਹ |
| 22-4-90 | Dr. ਭਜਨ ਸਿੰਘ ਜੀ | 1103/11-C ਚੰਡੀਗੜ੍ਹ |
| 29-4-90 | ਸ: ਏ. ਐਸ. ਸਰਾਉ | 169/9-A ਚੰਡੀਗੜ੍ਹ |

# ਸਿੱਖ ਧਰਮ ਅਤੇ ਸੰਗੀਤ

**ਲੇਖਕ : ਏ. ਐਸ. ਗੋਸਲ**

**ਪ੍ਰਕਾਸ਼ਕ : ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ,**

**ਮੁੱਲ : 6 ਰੁਪਏ ਪੰਨੇ 87 ਸਾਈਜ਼ 18X22X8 (1982)**

"ਸਿੱਖ ਧਰਮ ਅਤੇ ਸੰਗੀਤ" ਪੁਸਤਕ ਗੁਰਬਾਣੀ ਨੂੰ ਆਧਾਰ ਬਣਾ ਕੇ ਲਿਖੀ ਹੋਈ ਹੈ। ਜਾਂ ਇਹ ਕਹਿ ਲਵੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਸੰਗੀਤ ਦੇ ਵਿਸ਼ੇ ਰਾਹੀਂ ਬਹੁਤ ਸੌਖੇ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਬਾਣੀ 31 ਰਾਗਾਂ ਵਿੱਚ ਸੰਪਾਦਤ ਕੀਤੀ ਗਈ ਹੈ। ਵਡਿਆਈ ਇਸ ਗੱਲ ਵਿੱਚ ਹੈ ਕਿ ਸਾਰੀ ਬਾਣੀ ਰਾਗਾਂ ਅਨੁਸਾਰ ਤਰ-ਤੀਬ ਕਰਕੇ ਸੰਚਾਲਨ ਕੀਤੀ ਗਈ ਹੈ, ਜਿਸ ਤੋਂ ਇਹ ਗੱਲ ਪਰਤੱਖ ਹੋ ਜਾਂਦੀ ਹੈ ਕਿ ਆਦਿ-ਗਰੰਥ ਦੇ ਸੰਪਾਦਨ-ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਤੇ ਸੰਗੀਤ ਨੂੰ ਬਹੁਤ ਉੱਚੀ ਥਾਂ ਦੇ ਕੇ ਗੁਰ-ਬਾਣੀ ਦੇ ਰਸ-ਭਿੰਨੇ ਪੱਖ ਨੂੰ ਹੋਰ ਵੀ ਵਧੇਰੇ ਸਤਿਕਾਰ ਪ੍ਰਦਾਨ ਕੀਤਾ।

ਪੁਸਤਕ ਦੇ ਕੁੱਲ ਛੇ ਕਾਂਡ ਹਨ।ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

1) ਸਿੱਖ ਧਰਮ ਅਤੇ ਸੰਗੀਤ (2) ਸ੍ਰੀ ਗੁਰੂ ਗਰੰਥ ਸਾਹਿਬ ਦੇ ਰਾਗ (3) ਸ੍ਰੀ ਗੁਰੂ ਨਾਨਕ ਦੇਵ ਤੇ ਸੰਗੀਤ (4) ਹੋਰ ਗੁਰੂ ਸਾਹਿਬਾਨ ਤੇ ਸੰਗੀਤ (5) ਕੀਰਤਨ ਕੇਂਦਰ (6) ਸਿੱਖ ਧਰਮ ਦੇ ਉੱਘੇ ਸੰਗੀਤਕਾਰ। ਹਥਲੀ ਪੁਸਤਕ ਵਿੱਚ ਸਿੱਖ ਧਰਮ ਦੀ ਸੰਗੀਤ ਨੂੰ ਦੇਣ ਦੇ ਵਿਸ਼ੇ ਤੇ ਭਰਪੂਰ ਚਾਨਣ ਪਾਉਣ ਦਾ ਯਤਨ ਕੀਤਾ ਗਿਆ ਹੈ। ਗੁਰਬਾਣੀ ਦੇ ਪ੍ਰੇਮੀਆਂ ਤੇ ਵਿਦਿਆਰਥੀਆਂ ਲਈ ਇਹ ਪੁਸਤਕ ਬੜੀ ਲਾਭਦਾਇਕ ਹੈ। ਸੰਗੀਤ ਦੀ ਮਹੱਹਤਾ ਨੂੰ ਸਮਝਦੇ ਹੋਏ ਇਹ ਕਹਿਣਾ ਸੱਚ ਹੈ ਕਿ ਸੰਗੀਤ ਕੁਦਰਤ ਦਾ ਕਲਾਤਮਕ ਚਿੰਨ ਹੈ, ਜਿਸ ਦੀ ਪ੍ਰਾਪਤੀ ਨਾਲ ਮਨੁੱਖ ਵਿਗਿਆਨਕ ਬੁੱਧੀ ਨੂੰ ਤੀਖਣ ਕਰ ਸਕਦਾ ਹੈ।

ਇਸ ਪੁਸਤਕ 'ਚ 31 ਰਾਗਾਂ ਦੀ ਸਰਲ ਭਾਸ਼ਾ ਵਿੱਚ ਵਿਆਖਿਆ ਕੀਤੀ ਗਈ ਹੈ ਅਤੇ ਗੁਰਬਾਣੀ ਦੀਆਂ ਉਦਾਹਰਣਾਂ ਦੇ ਕੇ ਵਿਸ਼ੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਰਾਹੀਂ ਸੰਗੀਤ ਦੇ ਇਤਿਹਾਸ ਬਾਰੇ ਭਾਵੇਂ ਕੋਈ ਬੱਝਵੀਂ ਜਾਣਕਾਰੀ ਨਹੀਂ ਮਿਲਦੀ ਪਰੰਤੂ ਸਿੱਖ ਗੁਰੂਆਂ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਦੇ ਵੇਰਵੇ ਜ਼ਰੂਰ ਹਵਾਲੇ ਵਜੋਂ ਦਿੱਤੇ ਗਏ ਹਨ। ਗੁਰਬਾਣੀ ਅਤੇ ਸੰਗੀਤ ਦੇ ਸੁਮੇਲ ਪੱਖੋਂ ਇਹ ਪੁਸਤਕ ਪੜ੍ਹਨ ਯੋਗ ਹੈ।

**ਸੰਗੀਤ ਕੌਰ**

ਪੁਸਤਕ ਰੀਵਿਊ

# ਗੁਰੂ ਅਮਰਦਾਸ, ਰਾਗ–ਰਤਨਾਵਲੀ

ਲੇਖਕ—ਪ੍ਰੋ. ਤਾਰਾ ਸਿੰਘ

ਲੋਕ ਸੰਪਰਕ ਵਿਭਾਗ ਪੰਜਾਬ, ਚੰਡੀਗੜ੍ਹ, 1979

ਪੰਨੇ—117 ਸਾਈਜ਼—20X29 ਕੀਮਤ— ਅਪ੍ਰਕਾਸ਼ਿਤ ।

ਇਸ ਦੀ ਭੂਮਿਕਾ—ਪੰਜਾਬ ਦੇ ਵਿਕਾਸ ਅਤੇ ਲੋਕ-ਸੰਪਰਕ ਮੰਤਰੀ ਸ੍ਰ. ਆਤਮਾ ਸਿੰਘ ਜੀ ਨੇ ਲਿਖੀ ਹੈ । ਵਿਦਵਾਨ ਸੰਗੀਤਕਾਰ ਪ੍ਰੋ: ਤਾਰਾ ਸਿੰਘ ਜੀ ਦੀ ਇਹ ਤੀਜੀ ਪੁਸਤਕ ਹੈ, ਜਿਸ ਵਿੱਚ ਗੁਰੂ ਅਮਰਦਾਸ ਜੀ ਦੇ 40 ਸ਼ਬਦਾਂ ਦੀ ਸੰਗੀਤਲਿੱਪੀ 23 ਰਾਗਾਂ ਵਿਚ ਨਿਬੱਧ ਹੈ। ਇਨ੍ਹਾਂ ਰਾਗਾਂ ਦੀ ਸੂਚੀ ਇਸ ਪ੍ਰਕਾਰ ਹੈ : ਰਾਗ ਸਿਰੀ, ਬਿਲਾਵਲ, ਰਾਮਕਲੀ, ਮਾਰੂ, ਭੈਰਵ, ਬਸੰਤ, ਬਸੰਤ ਹਿੰਡੋਲ, ਸਾਰੰਗ, ਪ੍ਰਭਾਤੀ, ਮਲਹਾਰ, ਸੂਹੀ, ਧਨਾਸਰੀ, ਪ੍ਰਭਾਤੀ, ਵਿੱਚ ਵਿਭਾਸ, ਸੋਰਠਿ, ਵਡਹੰਸ, ਬਿਹਾਗੜਾ, ਗੂਜਰੀ, ਆਸਾ, ਗਉੜੀ, ਗਉੜੀ-ਪੂਰਬੀ, ਗਉੜੀ-ਬੈਰਾਗਣ, ਗਉੜੀ-ਗੁਆਰੇਰੀ. ਅਤੇ ਮਾਝ ।

ਆਦਿ-ਬੀੜ ਵਿੱਚ ਗੁਰੂ ਅਮਰਦਾਸ ਜੀ ਦੇ 873 ਸ਼ਬਦ 10 ਰਾਗਾਂ ਵਿਚ ਉਪਲਬਧ ਹਨ। ਵਿਦਵਾਨ ਲੇਖਕ ਨੇ ਦੱਸਿਆ ਹੈ ਕਿ ਆਦਿ-ਬੀੜ (ਗੁਰੂ ਗ੍ਰੰਥ ਸਾਹਿਬ) ਦੇ ਤਤਕਰੇ ਵਿੱਚ ਕੇਵਲ ਪ੍ਰਮੁੱਖ ਰਾਗਾਂ ਦੇ ਧਿਰਲੇਖ ਹਨ. ਮਿਸ਼ਰਤ ਅਤੇ ਨਵੀਨ ਪ੍ਰਕਾਰਾਂ ਦੇ ਨਹੀਂ ਹਨ। ਠੀਕ ਵੀ ਹੈ, ਗੁਰੂ ਅਰਜਨ ਦੇਵ ਜੀ ਨੇ ਇਸ ਦੀ ਸੰਖਿਆਤਕੀ ਤਰਤੀਬ ਨੂੰ ਯੋਜਨ ਬੱਧ ਕਰਨ ਲਈ, ਇਹ ਸੂਚੱਧੀ-ਵਿਧੀ ਅਪਣਾਈ ।

ਪੁਸਤਕ ਦੇ ਆਰੰਭ ਵਿੱਚ ਭਾਤਖੰਡੇ ਸੰਗੀਤ ਲਿੱਪੀ ਦਾ ਪਰੀਚੈ ਅਤੇ ਉਸ ਦੇ ਨਾਲ ਹੀ ਪੁਸਤਕ ਵਿੱਚ ਵਰਤੇ ਗਏ ਤਾਲਾਂ ਦੀ ਪੂਰੀ ਜਾਣਕਾਰੀ ਦਿੱਤੀ ਗਈ ਹੈ। ਇਸ ਉਪਰੰਤ ਰਾਗ-ਪਰੀਚੈ, ਖੁੱਲਾ ਆਲਾਪ, ਸ਼ਬਦ ਅਤੇ ਸੰਗੀਤ ਲਿੱਪੀ ਵੱਖ ਵੱਖ ਪੰਨਿਆਂ ਤੇ ਉਪਲੱਬਧ ਹੈ। ਬੰਦਿਸ਼ਾਂ ਦੇ ਨਾਲ ਬੰਦਿਸ਼ ਦੀ ਗਾਇਕੀ (ਅਲਾਪ, ਬੋਲ ਆਲਾਪ, ਤਾਨ, ਬੋਲ ਤਾਨ) ਦੀ ਅਣਹੋਂਦ ਕਾਰਣ, ਇਸ ਪੁਸਤਕ ਨੂੰ ਗੁਰਮਿਤ ਸੰਗੀਤ ਦੀ ਗਾਇਕੀ ਵਜੋਂ ਤਾਂ ਨਹੀਂ, ਪਰ ਨਾਇਕੀ ਵਜੋਂ ਇੱਕ ਵਧੀਆ ਪੁਸਤਕ ਕਿਹਾ ਜਾ ਸਕਦਾ ਹੈ ।

ਬੰਦਿਸ਼ਾਂ ਦੀ ਖੂਬਸੂਰਤੀ ਵਿੱਚ ਪਟਿਆਲਾ ਅਤੇ ਗਵਾਲੀਅਰ ਘਰਾਣੇ ਦੀ ਝਲਕ ਦਿਖਾਈ ਦਿੱਤੀ ਹੈ ਰਾਗ ਪਰੀਚੈ ਵਿੱਚ ਵੱਖ ਵੱਖ ਮਤਾਂ ਦਾ ਅਧਿਐਨ ਅਤੇ ਗੁਰਮਤਿ ਸੰਗੀਤ ਪੱਧਤੀ ਦੀ ਭਿੰਨਤਾ ਅਤੇ ਸ਼ੈਲੀਗਤ ਵਿਸ਼ੇਸ਼ਤਾ ਦ੍ਰਿਸ਼ਟੀਗੋਚਰ ਕਰਵਾਉਣ ਵਿੱਚ ਪ੍ਰੋ: ਤਾਰਾ ਸਿੰਘ ਸਫ਼ਲ ਰਹੇ ਹਨ ।

ਪ੍ਰੋ: ਤਾਰਾ ਸਿੰਘ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਮਹੱਤਵਪੂਰਣ ਸਥਾਨ ਰੱਖਦੇ ਹਨ। ਉਨ੍ਹਾਂ ਨੂੰ ਪੰਜਾਬ ਦੇ ਸੰਗੀਤ ਖੇਤਰ ਵਿੱਚ 'ਬਾਬਾ ਬੋਹੜ' ਵਰਗੀ ਵਿਸ਼ਾਲਤਾ ਅਤੇ ਬਜ਼ੁਰਗੀ-ਸਤਿਕਾਰ ਹਾਸਲ ਹੈ। ਮਿਤੀ 6.12.88 ਨੂੰ ਹੋਏ ਉਹਨਾਂ ਦੇਹਾਂਤ ਕਾਰਣ ਸੰਗੀਤ ਖੇਤਰ ਨੂੰ ਇੱਕ ਵੱਡਾ ਧੱਕਾ ਸਹਿਣਾ ਪਿਆ ਹੈ। ਪ੍ਰੋ: ਸਾਹਿਬ ਗਾਇਕੀ ਜਾਂ ਵਾਦਨ ਦੇ ਖੇਤਰ ਵਿੱਚ ਕੋਈ 'ਪ੍ਰਵੀਣ ਮੰਚ ਕਲਾਕਾਰ' ਨਹੀਂ ਸਨ ਪਰੰਤੂ ਸੰਗੀਤ ਸਿੱਖਿਆ ਦੇ ਖੇਤਰ ਵਿੱਚ ਉਹ ਇੱਕ ਜਾਣੇ-ਪਹਿਚਾਣੇ ਹਸਤਾਖਰ ਸਨ। ਉਨ੍ਹਾਂ ਦੀਆਂ 5-6 ਪ੍ਰਕਾਸ਼ਿਤ-ਪੁਸਤਕਾਂ ਅਤੇ ਅਨੇਕਾਂ ਅਪ੍ਰਕਾਸ਼ਿਤ ਪੁਸਤਕਾਂ ਦੇ ਖਰੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਹ ਪੰਜਾਬ ਦੇ ਵਿਦਵਾਨ-ਸੰਗੀਤਕਾਰ ਸਨ।

ਡਾ. ਡੀ: ਐਸ: ਨਰੂਲਾ